24-MAR-PAGE-1.qxd 3/23/2025 10:00 PM Page 1

ਸੋਮਵਾਰ, 24 ਮਾਰਚ, 2025
11 ਚੇਤ { ਨਾਨਕਸ਼ਾਹੀ 557 / ਬਿਕਰਮੀ 2081
ਜਿਲਦ/VOL. : 73
ਅੰਕ/NO. : 292

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • MONDAY, 24 MARCH, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਇਕ ਦੇਸ਼-ਇਕ ਚੋਣ' ਦਾ ਨਾਅਰਾ ਖਤਰਨਾਕ, ਸੰਵਿਧਾਨ ਨਹੀਂ ਬਦਲਣ ਦਿੱਤਾ ਜਾਵੇਗਾ : ਡਾ. ਨਾਰਾਇਣਾ, ਸਾਂਸਦ ਸੁਨੀਰ

ਕੇਂਦਰੀ ਹੁਕਮਰਾਨਾਂ ਦਾ ਦੇਸ਼ ਦੇ ਆਜ਼ਾਦੀ ਸੰਗਰਾਮ 'ਚ ਕੋਈ ਯੋਗਦਾਨ ਨਹੀਂ : ਬਰਾੜ

ਬੰਗਾ (ਅਵਤਾਰ ਕਲੇਰ)

ਭਾਰਤ ਦੀ ਆਜ਼ਾਦੀ ਦੇ ਕੌਮੀ ਹੀਰੋ ਤੇ ਨੌਜਵਾਨਾਂ ਦੇ ਰਾਹ-ਦਸੇਰੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ 'ਤੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵੱਲੋਂ ਸਾਂਝੇ ਤੌਰ 'ਤੇ ਖਟਕੜ ਕਲਾਂ ਵਿਖੇ ਵਿਸ਼ਾਲ ਰਾਜਨੀਤਕ ਕਾਨਫਰੰਸ ਕੀਤੀ ਗਈ। ਸਭ ਤੋਂ ਪਹਿਲਾਂ ਕੇਂਦਰੀ ਅਤੇ ਸੂਬਾਈ ਆਗਮਾਂ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਏ। ਸ਼ਹੀਦੀ ਕਾਨਫਰੰਸ ਦੀ ਪ੍ਰਧਾਨਗੀ ਨਿਰੰਜਣ ਦਾਸ ਮੇਹਲੀ, ਜਸਵਿੰਦਰ ਸਿੰਘ ਭੰਗਲ ਤੇ ਕੁਲਦੀਪ ਝਿੰਗੜ ਨੇ ਸਾਂਝੇ ਤੌਰ 'ਤੇ ਕੀਤੀ।

ਇਸ ਮੌਕੇ ਸੀ ਪੀ ਆਈ ਦੇ ਕੌਮੀ ਸਕੱਤਰੇਤ ਮੈਂਬਰ ਡਾਕਟਰ ਕੇ. ਨਾਰਾਇਣਾ (ਆਂਧਰਾ ਪ੍ਰਦੇਸ਼), ਕਾਮਰੇਡ ਪੀ ਪੀ ਸੁਨੀਰ ਮੈਂਬਰ ਰਾਜ ਸਭਾ (ਕੇਰਲਾ) ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਵੇਲੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਪੰਜਾਬ, ਬੰਗਾਲ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਹੋਰ ਵੀ ਸੂਬਿਆਂ 'ਚ ਲੜਾਈ ਚੱਲ ਰਹੀ ਸੀ ਤਾਂ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਫਾਂਸੀ ਦੇ ਰੱਸੇ ਚੁੰਮੇ ਅਤੇ ਦੇਸ਼ ਨੂੰ ਆਜ਼ਾਦ ਕਰਾਇਆ। ਅਸੀਂ ਸ਼ਹੀਦ ਭਗਤ ਸਿੰਘ ਦੇ ਪਿੰਡ ਆ ਕੇ ਬੜਾ ਮਾਣ ਮਹਿਸੂਸ ਕਰ ਰਹੇ ਹਾਂ। ਉਹਨਾਂ ਕਿਹਾ ਕਿ ਅੱਜ ਦੇਸ਼ ਵਿਰੋਧੀ ਤਾਕਤਾਂ ਦੇਸ਼ 'ਤੇ ਕਾਬਜ਼ ਹਨ। ਉਨ੍ਹਾਂ ਵੱਲੋਂ ਸ਼ਹੀਦ ਭਗਤ ਸਿੰਘ ਅਤੇ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਨੂੰ ਭੁਲਾਇਆ ਜਾ ਰਿਹਾ ਹੈ। ਸਾਡੇ ਦੇਸ਼ ਅੰਦਰ ਦਰਜਨਾਂ ਹੀ ਭਾਸ਼ਾਵਾਂ ਹਨ, ਹਰ ਸੂਬੇ ਦੀ ਆਪਣੀ ਹੀ ਮਾਂ ਬੋਲੀ ਹੈ। ਭਾਜਪਾ ਵਾਲੇ ਹਰ ਇੱਕ 'ਤੇ ਇੱਕ ਹੀ ਭਾਸ਼ਾ ਥੋਪਣੀ ਚਾਹੁੰਦੇ ਹਨ। ਭਾਜਪਾ ਦਾ 'ਇੱਕ ਦੇਸ਼, ਇੱਕ ਚੋਣ' ਦਾ ਨਾਅਰਾ ਬੜਾ ਹੀ ਖਤਰਨਾਕ ਹੈ। ਕੇਂਦਰ ਸਰਕਾਰ ਵੱਲੋਂ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦਾ ਲਿਖਿਆ ਹੋਇਆ ਸੰਵਿਧਾਨ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਪੂਰੇ ਦੇਸ਼ ਦੇ ਲੋਕ ਭਗਤ ਸਿੰਘ ਨੂੰ ਆਪਣਾ ਹੀਰੋ ਮੰਨਦੇ ਹਨ। ਉਹਨਾਂ ਕਮਿਊਨਿਸਟ ਪਾਰਟੀਆਂ ਨੂੰ ਵਧਾਈ ਦਿੱਤੀ, ਜਿਹੜੀਆਂ ਹਰ ਸਾਲ ਸ਼ਹੀਦਾਂ ਦੀ ਯਾਦ ਮਨਾਉਂਦੀਆਂ ਹਨ।

ਇਸ ਮੌਕੇ ਬੰਤ ਸਿੰਘ ਬਰਾੜ ਸਕੱਤਰ ਸੀ ਪੀ ਆਈ ਪੰਜਾਬ, ਦੇਵੀ ਕੁਮਾਰੀ ਸਰਹਾਲੀ ਕਲਾਂ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ, ਰਾਮ ਸਿੰਘ ਨੂਰਪੁਰੀ ਸੂਬਾ ਪ੍ਰਧਾਨ ਪੰਜਾਬ ਖੇਤ ਮਜ਼ਦੂਰ ਯੂਨੀਅਨ, ਮਹਾਂ ਸਿੰਘ ਰੋੜੀ, ਇੰਡੀਅਨ ਕਮਿਊਨਿਸਟ ਪਾਰਟੀ (ਯੂ ਕੇ) ਦੇ ਪ੍ਰਧਾਨ ਹਰਸੇਵ ਬੈਂਸ ਤੇ ਗੁਰਨੇਕ ਸਿੰਘ ਭੱਜਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਸ਼ਹੀਦ ਭਗਤ ਸਿੰਘ, ਗ਼ਦਰੀ ਬਾਬਿਆਂ ਅਤੇ ਬਹੁਤ ਸਾਰੇ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਅਤੇ ਦੇਸ਼ ਨੂੰ ਅਜ਼ਾਦ ਕਰਾਇਆ। ਅੱਜ ਕੇਂਦਰ 'ਚ ਉਹ ਧਿਰ ਰਾਜ ਕਰ ਰਹੀ ਹੈ, ਜਿਸ ਦਾ ਆਜ਼ਾਦੀ ਅੰਦੋਲਨ ਵਿਚ ਕੋਈ ਵੀ ਯੋਗਦਾਨ ਨਹੀਂ। ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਦੇਸ਼ ਧ੍ਰੋਹੀ ਕਹਿ ਕੇ ਜੇਲ੍ਹਾਂ ਅੰਦਰ ਸੁੱਟਿਆ ਜਾ ਰਿਹਾ ਹੈ। ਦਰਜਨਾਂ ਲੇਖਕ, ਬੁੱਧੀਜੀਵੀ, ਪੱਤਰਕਾਰ ਜੇਲ੍ਹਾਂ ਚ ਬੰਦ ਹਨ। ਸਾਰੇ ਦੇਸ਼ ਅੰਦਰ ਖੱਬੀ ਵਿਚਾਰਧਾਰਾ 'ਤੇ ਹਮਲੇ ਹੋ ਰਹੇ ਹਨ। ਖੱਬੇ-ਪੱਖੀ ਆਗੂਆਂ ਨੂੰ ਨਕਸਲੀ ਕਹਿ ਕੇ ਜਾਂ ਹੋਰ ਇਲਜ਼ਾਮ ਲਾ ਕੇ ਮਾਰਿਆ ਜਾ ਰਿਹਾ ਹੈ। ਕੇਂਦਰ ਸਰਕਾਰ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਜਨਸੰਖਿਆ ਦੇ ਅਧਾਰ 'ਤੇ ਦੇਸ਼ ਅੰਦਰ ਲੋਕ ਸਭਾ ਦੀਆਂ ਸੀਟਾਂ ਵਧਾਉਣ ਜਾਂ ਘਟਾਉਣ 'ਤੇ ਵਿਚਾਰ ਕਰ ਰਹੀ ਹੈ। ਭਾਜਪਾ ਯੂ ਪੀ ਅਤੇ ਬਿਹਾਰ ਵਰਗੇ ਸੂਬਿਆਂ 'ਚ ਲੋਕ ਸਭਾ ਦੀਆਂ ਸੀਟਾਂ ਵਧਾ ਸਕਦੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਹ ਦੇਸ਼ ਇਨਕਲਾਬੀ ਸੂਰਮਿਆਂ, ਗ਼ਦਰੀ ਬਾਬਿਆਂ ਦਾ ਦੇਸ਼ ਹੈ, ਅੰਬਾਨੀਆਂ ਤੇ ਅੰਡਾਨੀਆਂ ਦਾ ਨਹੀਂ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਨੇ ਲੋਕਾਂ ਨੂੰ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਦਿੱਤਾ। ਕੁਝ ਦਿਨ ਪਹਿਲਾਂ ਹੀ ਪਟਿਆਲਾ 'ਚ ਕਰਨਲ ਪਿਓ-ਪੁੱਤ ਨੂੰ ਪੁਲਸ ਨੇ ਬੁਰੀ ਤਰ੍ਹਾਂ ਕੁੱਟਿਆ। ਪੰਜਾਬ ਸਰਕਾਰ ਕਿਸਾਨਾਂ ਨਾਲ ਬਹੁਤ ਮਾੜਾ ਸਲੂਕ ਕਰ ਰਹੀ ਹੈ। ਟਰੰਪ ਸਰਕਾਰ ਨੇ ਸਾਡੇ ਲੋਕਾਂ ਨੂੰ ਸੰਗਲਾਂ ਨਾਲ ਬੰਨ੍ਹ ਕੇ ਜ਼ਲੀਲ ਕੀਤਾ ਹੈ। ਇਸ ਮਾਮਲੇ 'ਚ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਕੋਈ ਵੀ ਠੋਸ ਕਦਮ ਨਹੀਂ ਚੁੱਕਿਆ ਗਿਆ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਅੱਜ 23 ਮਾਰਚ ਤੋਂ ਲੈ ਕੇ ਡਾ. ਬੀ. ਆਰ ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਤੱਕ ਦੇਸ਼ ਅੰਦਰ ਮੁਹਿੰਮ ਚਲਾਈ ਜਾਵੇਗੀ ਤੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।ਬੁਲਾਰਿਆਂ ਕਿਹਾ ਕਿ ਲਾਲ ਝੰਡੇ ਦੀਆਂ ਪਾਰਟੀਆਂ ਨੂੰ ਇਕੱਠਿਆਂ ਹੋ ਕੇ ਲੜਾਈ ਲੜਨੀ ਚਾਹੀਦੀ ਹੈ, ਤਾਂ ਦੇਸ਼ ਦਾ ਭਲਾ ਹੋ ਸਕੇ।ਇਸ ਮੌਕੇ ਮਾਨਵਤਾ ਕਲਾ ਮੰਚ ਨਗਰ ਵੱਲੋਂ ਕੋਰੀਓਗਰਾਫੀਆਂ ਤੇ ਇਨਕਲਾਬੀ ਨਾਟਕ ਪੇਸ਼ ਕੀਤੇ ਗਏ।ਅੰਤ ਵਿੱਚ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਨਿਰੰਜਣ ਦਾਸ ਮੇਹਲੀ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪਰਮਿੰਦਰ ਮੇਨਕਾ ਬਲਾਚੌਰ, ਅਮਰਜੀਤ ਮੇਹਲੀ, ਚਰਨਜੀਤ ਸਿੰਘ ਦੌਲਤਪੁਰ, ਰਸ਼ਪਾਲ ਕੈਲੇ, ਗੁਰਦੇਵ ਸਿੰਘ ਬਾਗੀ ਰੋਪੜ, ਹੁਸਨ ਸਿੰਘ ਮਾਂਗਟ, ਗੁਰਦੀਪ ਗੁਲਾਟੀ, ਸੁਨੀਤਾ ਤਲਵੰਡੀ, ਨੀਲਮ ਰਾਣੀ, ਗੁਰਬਖਸ਼ ਕੌਰ ਰਾਹੋਂ, ਕਮਲਜੀਤ ਕੌਰ ਮੇਹਲੀ, ਜੋਗਿੰਦਰ ਲੜੋਆ, ਸੁਖਦੇਵ ਸਿੰਘ ਗਰਚਾ, ਪ੍ਰੇਮ ਰੱਕੜ, ਜੋਗਿੰਦਰ ਚਣਕੋਈ, ਪਰਮਜੀਤ ਸਿੰਘ ਰੋੜੀ, ਜੁਝਾਰ ਸਿੰਘ ਕੁੱਕੜ ਮਜਾਰਾ, ਸੁਸ਼ੀਲ ਮੰਢਾਲੀ, ਗੁਰਮੁੱਖ ਸਿੰਘ ਫਰਾਲਾ, ਸਤਨਾਮ ਚਾਹਲ ਤੋਂ ਇਲਾਵਾ ਪਾਰਟੀ ਵਰਕਰ ਹਾਜ਼ਰ ਸਨ।

ਬਨੇਗਾ ਵਲੰਟੀਅਰਾਂ ਨੇ 'ਬਨੇਗਾ ਵਲੰਟੀਅਰ ਮਨੁੱਖੀ ਕੜੀ' ਬਣਾਈ

ਹੁਸੈਨੀਵਾਲਾ/ਫਿਰੋਜ਼ਪੁਰ (ਰਣਬੀਰ ਕੌਰ ਢਾਬਾਂ)

23 ਮਾਰਚ ਦੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਐਤਵਾਰ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ 'ਬਨੇਗਾ ਪ੍ਰਾਪਤੀ ਮੁਹਿੰਮ' ਦੇ ਬੈਨਰ ਹੇਠ ਹਰ ਇਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਕਾਨੂੰਨ ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ, ਜਿਸ ਅਨੁਸਾਰ ਹਰ ਇਕ ਨੂੰ (ਜੋ ਚਾਹੁੰਦਾ ਹੈ) ਉਹਦੀ ਯੋਗਤਾ ਅਨੁਸਾਰ ਕੰਮ ਅਤੇ ਕੰਮ ਅਨੁਸਾਰ ਤਨਖਾਹ ਅਣ-ਸਿੱਖਿਅਤ ਨੂੰ 30,000/, ਅਰਧ -ਸਿੱਖਿਅਤ ਨੂੰ 35,000/, ਸਿੱਖਿਅਤ ਨੂੰ 45,000 ਅਤੇ ਉੱਚ-ਸਿੱਖਿਅਤ ਨੂੰ 60,000 ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦੀ ਗਰੰਟੀ ਹੋਵੇ ਅਤੇ ਜੇਕਰ ਸਰਕਾਰ ਇਕ ਸਾਲ ਦੇ ਅੰਦਰ ਕੰਮ ਦੇਣ ਵਿੱਚ ਅਸਫਲ ਹੈ ਤਾਂ ਉਕਤ ਤਨਖਾਹ ਦਾ ਅੱਧਾ ਹਿੱਸਾ ਕੰਮ ਇੰਤਜ਼ਾਰ ਭੱਤਾ ਲਾਜ਼ਮੀ ਹੋਵੇ, ਬਨੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਲਈ ਅਤੇ ਨਵਾਂ ਰੁਜ਼ਗਾਰ ਪੈਦਾ ਕਰਨ ਲਈ 'ਕੰਮ ਦਿਹਾੜੀ ਦੀ ਕਾਨੂੰਨੀ ਸੀਮਾ 6 ਘੰਟੇ ਹੋਵੇ', ਹਰ ਇਕ ਲਈ ਮੁਫ਼ਤ ਅਤੇ ਲਾਜ਼ਮੀ ਵਿਗਿਆਨਕ ਸਿੱਖਿਆ, ਮੁਫ਼ਤ ਸਿਹਤ ਸਹੂਲਤਾਂ, ਵਾਤਾਵਰਣ ਅਤੇ ਪਾਣੀਆਂ ਦੀ ਸੰਭਾਲ, ਚੰਗੀ ਉਸਾਰੂ ਖੇਡ ਨੀਤੀ ਅਤੇ ਮਨੁੱਖਾ ਸ਼ਕਤੀ ਦੀ ਮੁਕੰਮਲ ਯੋਜਨਾਬੰਦੀ ਆਦਿ ਦੀ ਪ੍ਰਾਪਤੀ ਲਈ ਇਥੇ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਸਮਾਰਕ 'ਤੇ ਸਿਜਦਾ ਕਰਨ ਉਪਰੰਤ ਸ਼ਹੀਦ ਭਗਤ ਸਿੰਘ ਦੀ ਫੋਟੋ ਵਾਲੀ ਬਨੇਗਾ ਟੀ-ਸ਼ਰਟ ਪਹਿਨੇ ਬਨੇਗਾ ਵਲੰਟੀਅਰਾਂ ਵੱਲੋਂ 'ਬਨੇਗਾ ਵਲੰਟੀਅਰ ਮਨੁੱਖੀ ਕੜੀ' ਬਣਾਈ ਗਈ ਅਤੇ ਸ਼ਹੀਦਾਂ ਦੀ ਵਿਚਾਰਧਾਰਾ ਨਾਲ ਸੰਬੰਧਤ ਦੁਵਰਕੀ ਵੰਡ ਕੇ ਪ੍ਰਚਾਰ ਕੀਤਾ ਗਿਆ।

ਪ੍ਰੋਗਰਾਮ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੀ ਸੂਬਾ ਪ੍ਰਧਾਨ ਕਰਮਵੀਰ ਕੌਰ ਬੱਧਨੀ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਧਰਮੂਵਾਲਾ ਤੇ ਜਗਵਿੰਦਰ ਕਾਕਾ ਨੇ ਕੀਤੀ। ਇਸ ਮੌਕੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕਿਹਾ ਕਿ ਮਹਾਨ ਸ਼ਹੀਦਾਂ ਦੀ ਵਿਚਾਰਧਾਰਾ ਅੱਜ ਵੀ ਸਾਡੇ ਲਈ ਰਾਹ-ਦਸੇਰਾ ਹੈ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਬਣਾਉਣ ਲਈ ਸਾਨੂੰ ਇਹਨਾਂ ਮਹਾਨ ਸ਼ਹੀਦਾਂ ਦੀ ਵਿਚਾਰਧਾਰਾ ਤੋਂ ਅਗਵਾਈ ਲੈਣੀ ਚਾਹੀਦੀ ਹੈ। ਉਹਨਾ ਕਿਹਾ ਕਿ ਮਹਾਨ ਸ਼ਹੀਦਾਂ ਦੀ ਸ਼ਹਾਦਤ ਦੇ 95 ਸਾਲ ਬਾਅਦ ਵੀ ਸ਼ਹੀਦਾਂ ਦੇ ਸੁਪਨੇ ਅਜੇ ਅਧੂਰੇ ਹਨ। ਸਮੇਂ ਸਮੇਂ ਦੇਸ਼ ਵਿੱਚ ਬਣੀਆਂ ਸਰਕਾਰਾਂ ਨੇ ਫੁੱਲ-ਮਲਾਵਾਂ ਤੋਂ ਇਲਾਵਾ ਇਹਨਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਦਾ ਮੁੱਲ ਨਹੀਂ ਪਾਇਆ, ਸਗੋਂ ਇਹਨਾਂ ਦਾ ਨਾਂਅ ਵਰਤ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਨੌਜਵਾਨਾਂ ਦੇ ਸੂਬਾਈ ਆਗੂ ਨੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਰਾਹੀਂ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਬਣਾਉਣ ਲਈ ਪ੍ਰਣ ਕੀਤਾ ਹੋਇਆ ਹੈ ਅਤੇ ਲਗਾਤਾਰ ਸਰਗਰਮੀ ਕੀਤੀ ਜਾ ਰਹੀ ਹੈ।

ਇਸ ਮੌਕੇ ਵਿਦਿਆਰਥੀਆਂ ਦੇ ਸੂਬਾ ਸਕੱਤਰ ਸੁਖਵਿੰਦਰ ਮਲੋਟ ਨੇ ਕਿਹਾ ਕਿ ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ ਅੱਜ ਤੋਂ 11 ਸਾਲ ਪਹਿਲਾਂ ਇਸੇ ਇਤਿਹਾਸਕ ਸਥਾਨ ਤੋਂ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਦੀ ਸ਼ੁਰੂਆਤ ਕੀਤੀ ਗਈ, ਜਿਸ ਨੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਪੂਰੇ ਦੇਸ਼ ਦੇ ਲੋਕਾਂ ਦਾ ਧਿਆਨ ਖਿੱਚਿਆ ਹੈ। ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਬਨੇਗਾ ਪ੍ਰੋਗਰਾਮ ਨੇ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੀ ਜਵਾਨੀ ਲਈ ਉਮੀਦ ਜਗਾਈ ਹੈ। ਉਹਨਾ ਕਿਹਾ ਕਿ ਅੱਜ ਬਨੇਗਾ ਵਲੰਟੀਅਰਾਂ ਵੱਲੋਂ ਬਣਾਈ ਇਹ ਮਨੁੱਖੀ ਕੜੀ ਹਰ ਇੱਕ ਬੇਰੁਜ਼ਗਾਰ ਨੂੰ ਸੱਦਾ ਦਿੰਦੀ ਹੈ ਕਿ ਬੇਰੁਜ਼ਗਾਰੀ ਅਤੇ ਮੁਸ਼ਕਲਾਂ ਦੀ ਲੰਮੀ ਕੜੀ ਨੂੰ ਤੋੜਨ ਲਈ ਸਾਂਝੇ ਹਿੱਤਾਂ ਦੇ ਹੱਥਾਂ 'ਚ ਹੱਥ ਪਾ ਕੇ ਮਜ਼ਬੂਤ ਕਦੇ ਨਾ ਟੁੱਟਣ ਵਾਲੀ ਮਨੁੱਖੀ ਕੜੀ ਸਮੇਂ ਦੀ ਅਨਸਰਦੀ ਲੋੜ ਹੈ। ਆਗੂਆਂ ਨੇ ਕਿਹਾ ਕਿ ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਰੁਜ਼ਗਾਰ ਅਤੇ 6 ਘੰਟੇ ਦੀ ਕੰਮ ਦਿਹਾੜੀ ਦੀ ਪ੍ਰਾਪਤੀ ਲਈ ਹਰ ਮਹੀਨੇ ਜ਼ਿਲ੍ਹਾ ਹੈੱਡਕੁਆਰਟਰਾਂ ਅਤੇ ਤਹਿਸੀਲ ਦਫਤਰਾਂ ਅੱਗੇ ਮਹੀਨਾਵਾਰ • ਬਾਕੀ ਸਫਾ 2 'ਤੇ

ਡੱਲੇਵਾਲ ਪਟਿਆਲਾ ਦੇ ਨਿੱਜੀ ਹਸਪਤਾਲ 'ਚ ਤਬਦੀਲ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਪੰਜਾਬ ਪੁਲਸ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਜਲੰਧਰ ਤੋਂ ਪਟਿਆਲਾ ਦੇ ਇਕ ਨਿੱਜੀ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਹੈ। ਕਿਸਾਨ ਆਗੂ ਨੂੰ ਮੁੜ ਪਟਿਆਲਾ ਲੈ ਕੇ ਆਉਣ ਦੇ ਸੂਬਾ ਸਰਕਾਰ ਦੇ ਫੈਸਲੇ ਨੇ ਕਈਆਂ ਨੂੰ ਹੈਰਾਨ ਕੀਤਾ ਹੈ, ਕਿਉਂਕਿ ਕਿਸਾਨਾਂ ਵੱਲੋਂ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਲਾਏ ਪੱਕੇ ਮੋਰਚਿਆਂ ਦੌਰਾਨ ਪਟਿਆਲਾ ਕੇਂਦਰੀ ਧੁਰਾ ਰਿਹਾ ਹੈ। ਇਸ ਨਿੱਜੀ ਹਸਪਤਾਲ ਦਾ ਪ੍ਰਸ਼ਾਸਨਕ ਕੰਮਕਾਜ ਪੰਜਾਬ ਪੁਲਸ ਦੇ ਸੇਵਾਮੁਕਤ ਅਧਿਕਾਰੀ ਵੱਲੋਂ ਚਲਾਇਆ ਜਾ ਰਿਹਾ ਹੈ। ਡੱਲੇਵਾਲ, ਜਿਨ੍ਹਾ ਦਾ ਮਰਨ ਵਰਤ ਐਤਵਾਰ 118ਵੇਂ ਦਿਨ ਵਿੱਚ ਦਾਖਲ ਹੋ ਗਿਆ, ਨੂੰ ਨਿੱਜੀ ਹਸਪਤਾਲ 'ਚ ਤਬਦੀਲ ਕਰਨ ਤੋਂ ਕਿਸਾਨ ਯੂਨੀਅਨਾਂ ਦੇ ਮੈਂਬਰ ਵੀ ਹੈਰਾਨ ਹਨ।

ਸੀਨੀਅਰ ਹਮਾਸ ਆਗੂ ਸਣੇ 19 ਫਲਸਤੀਨੀ ਮਾਰੇ ਗਏ

ਡੀਰ ਅਲ ਬਲਾਹ (ਗਾਜ਼ਾ ਪੱਟੀ)-ਇਜ਼ਰਾਈਲ ਵੱਲੋਂ ਸਨਿੱਚਰਵਾਰ ਅੱਧੀ ਰਾਤ ਨੂੰ ਗਾਜ਼ਾ ਵਿੱਚ ਕੀਤੇ ਹਵਾਈ ਹਮਲਿਆਂ 'ਚ ਹਮਾਸ ਦੇ ਸੀਨੀਅਰ ਸਿਆਸੀ ਆਗੂ ਤੇ ਉਸ ਦੀ ਪਤਨੀ ਸਮੇਤ 19 ਫਲਸਤੀਨੀ ਮਾਰੇ ਗਏ। ਉਧਰ ਯਮਨ ਵਿੱਚ ਈਰਾਨ ਹਮਾਇਤੀ ਬਾਗ਼ੀਆਂ, ਜੋ ਹਮਾਸ ਨਾਲ ਜੁੜੇ ਹੋਏ ਹਨ, ਨੇ ਇਜ਼ਰਾ

24-MAR-PAGE-1.qxd 3/23/2025 10:01 PM Page 2

ਗਗਨਦੀਪ ਸਿੰਘ ਧਾਲੀਵਾਲ ਨੇ ਸੰਭਾਲਿਆ ਆਈ ਟੀ ਦੇ ਚੇਅਰਮੈਨ ਦਾ ਅਹੁਦਾ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜ਼ੈਂਡਰ ਡਿਸੂਜਾ)-ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਗਗਨਦੀਪ ਸਿੰਘ ਧਾਲੀਵਾਲ ਨੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਤੇ ਵਿਧਾਇਕ ਗੁਰਦਿੱਤ ਸਿੰਘ ਸੇਖੋ, ਅਮੋਲਕ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਗੂਆਂ ਦੀ ਹਾਜ਼ਰੀ ਵਿੱਚ ਇੰਪਰੂਵਮੈਂਟ ਟਰੱਸਟ ਫ਼ਰੀਦਕੋਟ ਦੇ ਚੇਅਰਮੈਨ ਦਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਸ.ਕੁਲਤਾਰ ਸਿੰਘ ਸੰਧਵਾਂ, ਹਲਕਾ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ, ਜੈਤੋਂ ਤੋ ਵਿਧਾਇਕ ਸ. ਅਮੋਲਕ ਸਿੰਘ ਨੇ ਵੀ ਨਵ ਨਿਯੁਕਤ ਚੇਅਰਮੈਨ ਨੂੰ ਵਧਾਈ ਦਿੰਦਿਆਂ ਲੋਕ ਸੇਵਾ ਹੋਰ ਵੱਧ ਚੜ ਕੇ ਕਰਨ ਲਈ ਕਿਹਾ।ਚੇਅਰਮੈਨ ਗਗਨਦੀਪ ਸਿੰਘ ਧਾਲੀਵਾਲ ਨੇ ਇਸ ਮੌਕੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਤੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।ਇਸ ਮੌਕੇ ਟਰੱਸਟ ਦੇ ਮੈਂਬਰ ਕਮਲਜੀਤ ਸਿੰਘ ਅਤੇ ਗੁਰਜੰਟ ਸਿੰਘ ਚੀਮਾ ਨੇ ਵੀ ਆਪਣਾ ਅਹੁਦਾ ਸੰਭਾਲਿਆ।ਇਸ ਮੌਕੇ, ਸਾਬਕਾ ਐਮ.ਪੀ ਸ. ਸਾਧੂ ਸਿੰਘ , ਚੇਅਰਮੈਨ ਮਾਰਕੀਟ ਕਮੇਟੀ ਸਾਦਿਕ ਰਮਨਦੀਪ ਸਿੰਘ ਮੁਮਾਰਾ,ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ, ਸੁਖਵੰਤ ਸਿੰਘ ਪੱਕਾ, ਗੁਰਤੇਜ ਸਿੰਘ ਖੋਸਾ, ਸਿਵਲ ਸਰਜਨ ਡਾ. ਚੰਦਰਸ਼ੇਖਰ ਕੱਕੜ, ਬੀਬੀ ਬੇਅੰਤ ਕੌਰ ਧਰਮ ਪਤਨੀ ਐਮ ਐਲ ਏ ਸੇਖੋਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

ਸਤੀਸ਼ ਗਰਗ ਤੇ ਸਤੀਸ਼ ਅਰੋੜਾ ਤੀਜੀ ਵਾਰ ਪ੍ਰਧਾਨ ਤੇ ਚੇਅਰਮੈਨ ਬਣੇ

ਧੂਰੀ (ਸੁਖਦੇਵ ਧੂਰੀ)-ਬੀਤੇ ਦਿਨੀਂ ਸਥਾਨਕ ਸਮਾਜ ਸੇਵੀ ਸੰਸਥਾ, ਸੋਸ਼ਲ ਵੈਲਫੇਅਰ ਯੂਨਿਟ ਦੀ ਹੋਈ ਚੋਣ ਮੀਟਿੰਗ ਵਿੱਚ ਹਾਜ਼ਰ ਸਮੂਹ ਮੈਂਬਰਾਂ ਨੇ ਯੂਨਿਟ ਵੱਲੋਂ ਪ੍ਰਧਾਨ ਸਤੀਸ਼ ਕੁਮਾਰ ਗਰਗ ਨੂੰ ਸਰਬਸੰਮਤੀ ਨਾਲ ਤੀਸਰੀ ਵਾਰ ਪ੍ਰਧਾਨ ਅਤੇ ਸੇਵਾ ਮੁਕਤ ਲੈਕਚਰਾਰ ਸਤੀਸ਼ ਚੰਦਰ ਅਰੋੜਾ ਨੂੰ ਚੇਅਰਮੈਨ ਚੁਣਿਆ ਗਿਆ।ਇਸ ਮੌਕੇ ਸਤੀਸ਼ ਕੁਮਾਰ ਗਰਗ ਨੇ ਮੁੜ ਪ੍ਰਧਾਨ ਬਣਨ 'ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਉਹ ਯੂਨਿਟ ਦੇ ਮੈਂਬਰਾਂ ਨਾਲ ਮਿਲ ਕੇ ਸਮਾਜ ਭਲਾਈ ਦੇ ਕੰਮ ਜਾਰੀ ਰੱਖਣਗੇ।ਇਸ ਮੌਕੇ ਸਮੇਂ ਦੀ ਪਾਬੰਦੀ ਦਾ ਇਨਾਮ ਸੇਵਾ ਮੁਕਤ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਮਨਜੀਤ ਬਖਸ਼ੀ ਦੀ ਝੋਲੀ ਵਿੱਚ ਪਿਆ ਇਸ ਮੌਕੇ 'ਤੇ ਕੈਸ਼ੀਅਰ ਨਰਿੰਦਰ ਸਿੰਗਲਾ ਵੱਲੋਂ ਐਲ ਆਈ ਸੀ ਦੇ ਖੂਬਸੂਰਤ ਟੇਬਲ ਕਲੰਡਰ ਸਮੂਹ ਮੈਂਬਰਾਂ ਨੂੰ ਦਿੱਤੇ ਗਏ।ਮੀਟਿੰਗ ਵਿੱਚ ਹਰਵਿੰਦਰ ਕੋਹਲੀ, ਹਰਿੰਦਰ ਬਿੱਲਾ, ਕ੍ਰਿਸ਼ਨ ਕੁਮਾਰ ਕੇ.ਕੇ, ਪ੍ਰਿੰਸੀਪਲ ਜੈ ਗੋਪਾਲ, ਅਨਿਲ ਕੁਮਾਰ, ਸੰਦੀਪ ਸੇਠ, ਵਿਸ਼ਾਲ ਜੈਨ, ਵਿਜੇ ਸੋਫਤ ,ਵਾਸੂ ਗਰਗ ਸਮੇਤ ਅਨੇਕਾਂ ਮੈਂਬਰ ਹਾਜ਼ਰ ਸਨ ।

'ਬੋਲ ਕਿਉਂ ਲਬ ਖ਼ਾਮੋਸ਼ ਹੈਂ ਤੇਰੇ' ਨਾਟਕ ਦਾ ਸ਼ਫ਼ਲ ਮੰਚਨ

ਸੰਗਰੂਰ (ਪ੍ਰਵੀਨ ਸਿੰਘ)-ਰੂਪਕ ਕਲਾ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਬੱਬੀ ਬਾਦਲ ਫ਼ਾਊਂਡੇਸ਼ਨ ਦੇ ਸਹਿਯਗੋ ਨਾਲ ਬੀਤੇ ਦਿਨੀਂ ਰੰਗਸ਼ਾਲਾ ਤੇ ਕਲਾ ਕੇਂਦਰ ਸੰਗਰੂਰ ਵੱਲੋਂ ਨਾਟਕ "ਬੋਲ ਕਿਉਂ ਲਬ ਖ਼ਾਮੋਸ਼ ਹੈਂ ਤੇਰੇ" ਰਾਮ ਵਾਟਿਕਾ ਬੱਘੀਖਾਨਾ ਸੰਗਰੂਰ ਦੇ ਮੰਚ ਤੇ ਸਫ਼ਲ ਮੰਚਨ ਕੀਤਾ ਗਿਆ। ਇਹ ਨਾਟਕ ਵੀਨਾ ਵਰਮਾ ਦੀਆਂ ਦੋ ਕਹਾਦੀਆਂ "ਖਾਲੀ ਪਲਾਟ ਤੇ ਗਲਤ ਔਰਤ" 'ਤੇ ਅਧਾਰਤ ਹੈ। ਵੀਨਾ ਵਰਮਾ ਲੰਡਨ ਦੀ ਇੱਕ ਸਮਾਜ ਸੇਵੀ ਹੈ ਜੋ ਭਾਰਤੀ ਔਰਤਾਂ ਦੇ ਜਵੀਨ 'ਤੇ ਅਧਾਰਤ ਸੱਚੀਆਂ ਕਹਾਣੀਆਂ ਲਿਖਦੀ ਹੈ। ਸਮਾਗਮ ਦੀ ਪ੍ਰਧਾਨਗੀ ਬਲਵਿੰਦਰ ਜਿੰਦਲ ਤੇ ਸੰਤੋਸ਼ ਗਰਗ ਨੇ ਸਾਂਝੇ ਤੌਰ 'ਤੇ ਕੀਤੀ। ਨਾਟਕ ਸਬੰਧੀ ਜਾਣਕਾਰੀ ਦਿੰਦਿਆਂ ਡਾਇਰੈਕਟਰ ਯਸ਼ ਨੇ ਦੱਸਿਆ ਕਿ ਨਾਟਕ ਦੇ ਕਥਾਨਕ ਨੂੰ ਪਾਲ ਕੌਰ, ਮਨਜੀਤ ਟਿਵਾਣਾ ਤੇ ਕਾਨ੍ਹਾ ਸਿੰਘ ਦੀਆਂ ਕਵਿਤਾਵਾਂ ਨਾਲ ਸਜਾਇਆ ਗਿਆ ਹੈ। ਇਸ ਨਾਟਕ ਦੇ ਸਾਰੇ ਪਾਤਰ ਔਰਤਾਂ ਹਨ ਤੇ ਮਰਦਾਂ ਦੀਆਂ ਭੂਮਿਕਾਵਾਂ ਵੀ ਔਰਤਾਂ ਨੇ ਹੀ ਨਿਭਾਈਆਂ ਹਨ। ਨਾਟਕ ਦੇ ਨਿਰਦੇਸ਼ਨ ਸ਼੍ਰੀਮਤੀ ਸੰਗੀਤਾ ਗੁਪਤਾ ਹਨ, ਜੋ ਪਿਛਲੇ 25 ਸਾਲਾਂ ਤੋਂ ਇਸੇ ਖੇਤਰ ਨਾਲ ਸਬੰਧਤ ਹਨ। ਇਸ ਦੌਰਾਨ ਰੰਗਸ਼ਾਲਾ ਤੇ ਕਲਾ ਕੇਂਦਰ ਸੰਗਰੂਰ ਦੇ ਡਾਇਰੈਕਟਰ ਯਸ਼ ਨੇ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਐਡਵੋਕੇਟ ਆਸ਼ੀ ਗੋਇਲ, ਕਮਲ ਅਨੰਦ, ਪੂਨਮ ਅਗਰਵਾਲ, ਰਾਮ ਨਿਵਾਸ ਸ਼ਰਮਾ, ਲਲਿਤ ਕਾਂਸਲ, ਰਿਸ਼ੀ ਸ਼ਰਮਾ, ਸਰੋਜ ਰਾਣੀ, ਹਰਜਿੰਦਰ ਦੁੱਗਾਂ ਤੇ ਰਾਜਵਿੰਦਰ ਸ਼ਰਮਾ ਸਨ।

ਮਾਨ ਸਰਕਾਰ ਨੇ ਕਿਸਾਨਾਂ ਨਾਲ ਧੋਖਾ ਕਰਕੇ ਚੰਗਾ ਨਹੀਂ ਕੀਤਾ : ਰਜਿੰਦਰ ਸਿੰਘ

ਜਗਰਾਉਂ (ਨਛੱਤਰ ਸੰਧੂ)-ਕੇਂਦਰ ਸਰਕਾਰ ਤੇ ਪੰਜਾਬ ਦੇ ਮੰਤਰੀਆਂ ਨਾਲ 19 ਮਾਰਚ ਨੂੰ ਠੀਕ ਠਾਕ ਹੋਈ ਮੀਟਿੰਗ ਤੋਂ ਬਾਦ ਬਾਹਰ ਨਿਕਲਦਿਆਂ ਹੀ ਡੱਲੇਵਾਲ ਸਮੇਤ ਮੀਟਿੰਗੇ ਸਾਰੇ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਦੂਜੇ ਪਾਸੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਸਾਲ ਤੋ ਉੱਪਰ ਸਮੇਂ ਤੋਂ ਲੱਗੇ ਸੰਘਰਸ਼ ਮੋਰਚਿਆਂ ਨੂੰ ਭਾਰੀ ਪੁਲਸ ਫੋਰਸ ਨਾਲ ਉਖਾੜ ਕੇ ਕਿਸਾਨ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ।ਭਗਵੰਤ ਮਾਨ ਹਕੂਮਤ ਵੱਲੋਂ ਕੀਤੀ ਇਸ ਜਾਬਰ ਕਾਰਵਾਈ ਦੇ ਡੂੰਘੇ ਸਿਆਸੀ ਮਾਇਨੇ ਹਨ।ਇਹ ਵਿਚਾਰ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਰਜਿੰਦਰ ਸਿੰਘ ਨੇ ਪੇਸ਼ ਕੀਤੇ।ਉਨ੍ਹਾਂ ਹੈਰਾਨਗੀ ਪ੍ਰਗਟ ਕੀਤੀ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਸਾਮਰਾਜੀ ਸਰਗਣੇ ਟਰੰਪ ਦੀਆਂ ਨੀਤੀਆਂ ਨੂੰ ਪੰਜਾਬ ਦੇ ਖੇਤੀ ਸੈਕਟਰ 'ਚ ਲਾਗੂ ਕਰਨ ਲਈ ਅਮਿਤ ਸ਼ਾਹ ਨਾਲ ਘਿਓ ਖਿਚੜੀ ਹੋਇਆ ਪਿਆ ਹੈ।ਕੇਂਦਰ ਦੀ ਭਾਜਪਾ ਹਕੂਮਤ ਐਮ ਐਸ ਪੀ ਦੇਣ, ਸਰਕਾਰੀ ਖਰੀਦ ਦੀ ਕਨੂੰਨੀ ਗਰੰਟੀ ਦੇਣ, ਕਿਸਾਨੀ ਨੂੰ ਕਰਜ਼ਾ ਮੁਕਤ ਕਰਨ, ਨਵੀਂ ਖੇਤੀ ਨੀਤੀ ਲਾਗੂ ਕਰਨ ਤੋਂ ਪੂਰੀ ਤਰਾਂ ਇਨਕਾਰੀ ਹੈ। ਮੋਦੀ ਤੇ ਮਾਨ ਹਕੂਮਤਾਂ ਖੇਤੀ ਤੇ ਕਾਰਪੋਰੇਟ ਵਿਸ਼ੇਸ਼ਕਰ ਅਮਰੀਕਾ ਦਾ ਕਬਜ਼ਾ ਕਰਾਉਣ ਲਈ ਇੱਕ ਮਿੱਕ ਹਨ।ਇਸੇ ਲਈ ਇੱਕ ਪਾਸੇ ਗੱਲਬਾਤ ਤੇ ਦੂਜੇ ਪਾਸੇ ਜਬਰ ਦਾ ਕੁਹਾੜਾ ਚਲਾ ਕੇ ਕਿਸਾਨ ਸੰਘਰਸ਼ ਨੂੰ ਖਤਮ ਕਰਣ ਦਾ ਭੁਲੇਖਾ ਪਾਲ਼ ਲਿਆ ਗਿਆ।ਦਿੱਲੀ 'ਚ ਹਾਰ ਜਾਣ ਤੋਂ ਬਾਅਦ ਹੁਣ ਪੰਜਾਬ' ਚ ਅਪਣੀ ਖੁਰ ਰਹੀ ਭਲ ਬਚਾਉਣ ਲਈ ਕੇਜਰੀਵਾਲ ਦਾ ਲਾਣਾ ਸ਼ਰੇਆਮ ਬੀ ਜੇ ਪੀ ਦੀਆਂ ਨੀਤੀਆਂ ਨਾਲ ਜਾ ਖਲੋਤਾ ਹੈ। ਕਿਸਾਨ ਸਵਾ ਸਾਲ ਤੋ ਦਿੱਲੀ ਜਾਣ ਦਾ ਰਸਤਾ ਖੋਲਣ ਦੀ ਮੰਗ ਕਰ ਰਹੇ ਸਨ ਪਰ ਉਹ ਮੰਗਾਂ ਮੰਨਣ ਦੀ ਥਾਂ ਕਿਸਾਨਾਂ ਨੂੰ ਵਿਕਾਸ ਦਾ ਦੁਸ਼ਮਣ ਦਸ ਜਬਰ ਦਾ ਔਰੰਗਜੇਬੀ ਰਾਹ ਅਪਣਾਇਆ ਜਾ ਰਿਹਾ ਹੈ। ਉੱਨਾਂ ਕਿਹਾ ਕਿ ਪੰਜਾਬ ਚ ਪਹਿਲਾਂ ਬੀ ਜੇ ਪੀ ਨੇ ਅਪਣੀ ਸਿਆਸੀ ਭਲ਼ ਦਿੱਲੀ ਅੰਦੋਲਨ ਦੇ ਚੱਲਦਿਆਂ ਪੂਰੀ ਤਰਾਂ ਗਵਾ ਲਈ ਸੀ ਤੇ ਹੁਣ ਮਾਨ ਹਕੂਮਤ ਨੇ ਅਪਣੀ ਹੋਣੀ ਦਾ ਦਾਅ ਖੇਡ ਲਿਆ ਹੈ, ਜੋ ਕੇਜਰੀਵਾਲ ਦੀ ਖ਼ਾਸ ਪਾਰਟੀ ਨੂੰ ਬਹੁਤ ਮਹਿੰਗਾ ਪਵੇਗਾ।

ਮਾਤਾ ਗੁਜਰੀ ਕਾਲਜ ਵਿਖੇ ਸਾਲਾਨਾ ਕਨਵੋਕੇਸ਼ਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਵਿਖੇ ਕਾਲਜ ਗਵਰਨਿੰਗ ਬਾਡੀ ਦੇ ਸਕੱਤਰ ਸ੍. ਜਗਦੀਪ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਕਾਲਜ ਦੀ ਸਾਲਾਨਾ ਕਨਵੋਕੇਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਕਨਵੋਕੇਸ਼ਨ ਦੌਰਾਨ 2022-2023 ਵਿੱਚ ਪੋਸਟ ਗਰੈਜੂਏਟ ਅਤੇ ਅੰਡਰ ਗਰੈਜੂਏਟ ਕੋਰਸ ਪਾਸ ਕਰਨ ਵਾਲੇ ਕੁੱਲ 1291 ਵਿਦਿਆਰਥੀਆਂ ਅਤੇ 35 ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੁਆਰਾ ਚਲਾਈ ਜਾ ਰਹੀ ਨਿਸ਼ਚੈ ਅਕਾਦਮੀ ਦੀ ਡਿਪਟੀ ਡਾਇਰੈਕਟਰ ਅਤੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਲੜਕੀਆਂ, ਝਾੜ ਸਾਹਿਬ ਦੀ ਪ੍ਰਿੰਸੀਪਲ ਡਾ. ਰਜਿੰਦਰ ਕੌਰ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੇ ਆਗਿਆਕਾਰੀ ਬਣਨ, ਧਾਰਮਿਕ ਨੈਤਿਕਤਾ ਅਪਨਾਉਣ ਅਤੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਵੱਧ ਚੜ੍ਹਕੇ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਆਨਰੇਰੀ ਸਕੱਤਰ ਸ੍. ਜਗਦੀਪ ਸਿੰਘ ਚੀਮਾ ਨੇ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਪ੍ਰਤੀ ਸਮਰਪਿਤ ਰਹਿਣ ਅਤੇ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਪ੍ਰੇਰਿਆ।ਇਸ ਤੋਂ ਪਹਿਲਾਂ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਮਾਗਮ ਵਿੱਚ ਪਹੁੰਚੇ ਮੁੱਖ ਮਹਿਮਾਨ ਦਾ ਭਰਵਾਂ ਸਵਾਗਤ ਕਰਦਿਆਂ ਕਾਲਜ ਦੀਆਂ ਉਪਲਬਧੀਆਂ 'ਤੇ ਚਾਨਣਾ ਪਾਇਆ। ਸਮਾਗਮ ਦੇ ਅਖੀਰ ਵਿੱਚ ਵਾਈਸ ਪ੍ਰਿੰਸੀਪਲ ਡਾ. ਹਰਵੀਨ ਕੌਰ ਨੇ ਕਨਵੋਕੇਸ਼ਨ ਵਿੱਚ ਪਹੁੰਚੇ ਮੁੱਖ ਮਹਿਮਾਨ ਅਤੇ ਮਾਣਮੱਤੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ।ਇਸ ਮੌਕੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਸ੍. ਗੁਰਦੀਪ ਸਿੰਘ ਕੰਗ, ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ, ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਡੀਨ ਅਕਾਦਮਿਕ ਡਾ. ਕਮਲਪ੍ਰੀਤ ਕੌਰ, ਡਿਪਟੀ ਕੰਟਰੋਲਰ ਪ੍ਰੀਖਿਆਵਾਂ ਡਾ. ਤੇਜਿੰਦਰ ਸਿੰਘ, ਡਿਪਟੀ ਰਜਿਸਟਰਾਰ ਡਾ. ਜਗਪਾਲ ਸਿੰਘ, ਡਿਪਟੀ ਰਜਿਸਟਰਾਰ ਡਾ. ਸੰਰਭ ਗੁਪਤਾ, ਡਾ. ਹਰਜੀਤ ਕੌਰ, ਸਮੂਹ ਅਧਿਆਪਕ ਸਾਹਿਬਾਨ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਦੀ ਪੂਰਤੀ ਤੋਂ ਭੱਜੀ : ਡੀ ਟੀ ਐੱਫ

ਭਲਕ ਦੇ ਰੋਸ ਮਾਰਚ 'ਚ ਭਰਵੀਂ ਸ਼ਮੂਲੀਅਤ ਦਾ ਐਲਾਨ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਅਧਿਆਪਕ ਜੱਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੀ ਸੂਬਾ ਪੱਧਰੀ ਮੀਟਿੰਗਾਂ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਭਰਵੀਂ ਗਿਣਤੀ ਵਿੱਚ ਸੂਬਾ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਸੂਬਾ ਸਕੱਤਰ ਬਲਬੀਰ ਲੌਂਗੋਵਾਲ, ਪਟਿਆਲਾ ਜ਼ਿਲ੍ਹੇ ਤੋਂ ਕਨਵੀਨਰ ਤਲਵਿੰਦਰ ਸਿੰਘ ਨੇ ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਅਤੇ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਇਨਕਲਾਬੀ ਤਬਦੀਲੀਆਂ ਲਿਆਉਣ ਦੀਆਂ ਟਾਹਰਾਂ ਮਾਰਨ ਵਾਲੀ ਆਪ ਸਰਕਾਰ ਪੰਜਾਬ ਦੇ 3 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਤੋਂ ਭੱਜ ਚੁੱਕੀ ਹੈ।ਅਧਿਆਪਕ ਆਗੂਆਂ ਨੇ ਕਿਹਾ ਕਿ ਆਪਣੇ ਚੋਣ ਮੈਨੀਫੈਸਟੋ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਦਾ ਲਿਖਤੀ ਵਾਅਦਾ ਕਰਨ ਵਾਲੀ ਆਪ ਸਰਕਾਰ ਆਪਣੇ ਕਾਰਜਕਾਲ ਦੇ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਤੋਂ ਇਨਕਾਰੀ ਹੋ ਚੁੱਕੀ ਹੈ।ਪਿਛਲੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਦੇ 37 ਤਰ੍ਹਾਂ ਦੇ ਕੱਟੇ ਭੱਤਿਆਂ ਦੀ ਬਹਾਲੀ ਕਰਨ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ।ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਅੰਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਵਿੱਤ ਸਕੱਤਰ ਜਸਵਿੰਦਰ ਸਿੰਘ ਤੇ ਸੂਬਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਹਰੀਕੇ ਨੇ ਕਿਹਾ ਕਿ ਮੌਜੂਦਾ ਸਰਕਾਰ ਨਿੱਜੀਕਰਨ, ਕਾਰਪੋਰੇਟੀਕਰਨ ਤੇ ਆਊਟਸੋਰਸਿੰਗ ਦੀ ਨੀਤੀ 'ਤੇ ਚੱਲ ਰਹੀ ਹੈ।ਸਿੱਖਿਆ ਵਿਭਾਗ ਵਿੱਚ ਸਿੱਖਿਆ ਨੀਤੀ 2020 ਤਹਿਤ ਘੱਟ ਗਿਣਤੀ ਦੀ ਆੜ ਹੇਠ ਪ੍ਰਾਇਮਰੀ ਤੇ ਮਿਡਲ ਸਕੂਲਾਂ ਦਾ ਖਾਤਮਾ ਕਰਨ ਦੀ ਕਵਾਇਦ ਜਾਰੀ ਹੈ।ਅਧਿਆਪਕਾਂ ਦੀਆਂ ਤਰੱਕੀਆਂ ਕਰਨ ਸਮੇਂ ਸਟੇਸ਼ਨ ਚੋਣ ਦਾ ਹੱਕ ਖੋਹ ਲਿਆ ਗਿਆ ਹੈ।ਪੰਜਾਬ ਦੇ ਪੈਨਸ਼ਨਰਾਂ ਤੇ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੋਲ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਮੀਟਿੰਗ ਕਰਨ ਦਾ ਸਮਾਂ ਨਹੀਂ ਹੈ।ਦੂਜੇ ਪਾਸੇ ਸਿੱਖਿਆ ਵਿਭਾਗ ਸਮੇਤ ਵੱਖ ਵੱਖ ਵਿਭਾਗਾਂ ਦੇ ਮੰਤਰੀ ਮੀਟਿੰਗਾਂ ਵਿੱਚ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਤੋਂ ਟਾਲ ਮਟੋਲ ਕਰ ਰਹੇ ਹਨ।ਉਨ੍ਹਾਂ ਪੰਜਾਬ ਦੇ ਮੁਲਾਜ਼ਮਾ

24 Mar Page-3.qxd 3/23/2025 10:18 PM Page 1

ਭਗਤ ਸਿੰਘ ਦੇ ਵਿਚਾਰਾਂ ਦਾ ਸਮਾਜ ਬਣਨ ਨਾਲ ਹੀ ਹਰੇਕ ਨੂੰ ਰੁਜ਼ਗਾਰ ਮਿਲੇਗਾ : ਮਾੜੀਮੇਘਾ

ਭਿੱਖੀਵਿੰਡ- ਸ਼ਹੀਦ ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਦੇ 94ਵੇਂ ਸ਼ਹੀਦੀ ਦਿਹਾੜੇ 'ਤੇ ਸੀ ਪੀ ਆਈ, ਸਰਬ ਭਾਰਤ ਨੌਜਵਾਨ ਸਭਾ ਤੇ ਇਸਤਰੀ ਸਭਾ ਬਲਾਕ ਭਿੱਖੀਵਿੰਡ ਵੱਲੋਂ ਰਸਾਲ ਸਿੰਘ ਪਹੁਵਿੰਡ, ਮਨਜੀਤ ਕੌਰ ਅਲਗੋਂ ਤੇ ਗੁਰਮੀਤ ਕੌਰ ਭਗਵਾਨਪੁਰਾ ਦੀ ਪ੍ਰਧਾਨਗੀ ਹੇਠ ਸ਼ਹੀਦਾਂ ਦੇ ਵਿਚਾਰਾਂ ਦਾ ਸਮਾਜ ਬਣਾਉਣ ਵਾਸਤੇ 'ਲੀਡਰਸ਼ਿਪ ਟਰੇਨਿੰਗ ਕੈਂਪ' ਲਾਇਆ ਗਿਆ। ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਅੰਗਰੇਜ਼ ਜ਼ਾਲਮਾਂ ਨੇ ਭਗਤ ਸਿੰਘ ਦੇ ਵਿਚਾਰਾਂ ਨੂੰ ਦਬਾਉਣ ਵਾਸਤੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਵਿਚਾਰਧਾਰਕ ਸਾਥੀਆਂ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ। ਪਰ ਸਮੂਹਿਕ ਦੀ ਭਲਾਈ ਵਾਲੇ ਵਿਚਾਰ ਦਬਾਏ ਨਹੀਂ ਜਾ ਸਕਦੇ। ਉਹ ਵਿਚਾਰ ਤੇ ਆਪਮੁਹਾਰੇ ਫੈਲਦੇ ਹਨ। ਮੁਗਲ ਹਾਕਮਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ 10 ਗੁਰੂ ਸਾਹਿਬਾਨ ਦੇ ਵਿਚਾਰਾਂ ਨੂੰ ਜ਼ਬਰਦਸਤੀ ਦਬਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਦਬਾਏ ਨਾ ਜਾ ਸਕੇ। ਮੁਗਲਾਂ ਦਾ ਮਲੀਆਮੇਟ ਕਰਨ ਵਾਸਤੇ ਬੰਦਾ ਸਿੰਘ

ਬਹਾਦਰ ਮੈਦਾਨ ਵਿੱਚ ਆਇਆ ਤੇ ਉਸ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਮਾੜੀਮੇਘਾ ਨੇ ਕਿਹਾ ਕਿ ਸ਼ਹੀਦ ਭਗਤ ਤੇ ਉਸ ਦੀ ਨੌਜਵਾਨ ਭਾਰਤ ਸਭਾ ਦੇ ਵਿਚਾਰਾਂ ਦਾ ਹਿੰਦੁਸਤਾਨ ਬਣਿਆ ਹੁੰਦਾ ਤੇ ਅੱਜ ਹਰੇਕ ਨੌਜਵਾਨ ਨੂੰ ਪੱਕਾ ਤੇ ਸਰਕਾਰੀ ਰੁਜ਼ਗਾਰ ਮਿਲਿਆ ਹੋਣਾ ਸੀ। ਬੇਰੁਜ਼ਗਾਰੀ ਦੀ ਥਾਂ ਹਰੇਕ ਕੋਲ ਰੁਜ਼ਗਾਰ ਹੁੰਦਾ। ਸਾਡੀ ਜੁਆਨੀ ਨੂੰ ਅਮਰੀਕਾ ਫੌਜ ਦੇ ਹਵਾਈ ਜਹਾਜ਼ ਵਿੱਚ ਨੂੜ ਕੇ ਹਿੰਦੁਸਤਾਨ ਨਾ ਛੱਡ ਕੇ ਜਾਂਦਾ। ਸਾਡੀ ਵਸੋਂ ਦੀ ਦੁਨੀਆ ਵਿੱਚ ਕਦਰ ਹੁੰਦੀ। ਭਗਤ ਸਿੰਘ ਦੇ ਵਿਚਾਰਾਂ ਅਨੁਸਾਰ ਹਿੰਦੁਸਤਾਨ ਵਿੱਚ ਹਰੇਕ ਬੱਚੇ ਨੂੰ ਵਿੱਦਿਆ ਮੁਫ਼ਤ ਤੇ ਲਾਜ਼ਮੀ ਮਿਲਦੀ। ਹਰੇਕ ਗਰੀਬ ਕੋਲ ਰਹਿਣ ਲਈ ਘਰ ਹੁੰਦਾ। ਇਲਾਜ ਪੱਖੋਂ ਗਰੀਬ ਮੌਤ ਦੀ ਬਲੀ ਨਾ ਦਿੰਦੇ। ਮਾੜੀਮੇਘਾ ਨੇ ਕਿਹਾ ਕਿ ਜਦੋਂ 28 ਸਤੰਬਰ 1997 ਤੋਂ ਭਗਤ ਸਿੰਘ ਦਾ ਪੰਜਾਬ ਵਿੱਚ ਜਨਮ ਦਿਹਾੜਾ ਮਨਾਉਣ ਦੀ ਸ਼ੁਰੂਆਤ ਗ਼ਦਰੀ ਬਾਬਿਆਂ ਦੇ ਇਨਕਲਾਬੀਆਂ ਦੀ ਯਾਦ ਵਿੱਚ ਉਸਰੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਕੀਤੀ ਗਈ ਸੀ, ਉਸ ਵਿੱਚ ਭਗਤ ਸਿੰਘ ਦੇ ਵਿਚਾਰਾਂ ਦਾ ਸਮਾਜ ਬਣਾਉਣ ਲਈ ਉਕਤ ਪ੍ਰੋਗਰਾਮ ਦਿੱਤਾ ਗਿਆ ਸੀ। ਇਸ ਪ੍ਰੋਗਰਾਮ ਵਿੱਚ ਇਹ ਵੀ ਸੀ ਕਿ ਪਿੰਡਾਂ ਵਿੱਚ ਖੇਡ ਸਟੇਡੀਅਮ ਬਣਾਏ ਜਾਣ ਤਾਂ ਜੋ ਇੰਨੀ ਜ਼ਿਆਦਾ ਵਸੋਂ ਵਾਲਾ ਹਿੰਦੁਸਤਾਨ ਖੇਡਾਂ ਵਿੱਚ ਦੁਨੀਆ ਚੋਂ ਪਹਿਲੇ ਨੰਬਰ 'ਤੇ ਆਵੇ। ਸਰਕਾਰ ਨੇ ਕਾਫੀ ਪਿੰਡਾਂ ਵਿੱਚ ਖੇਡ ਸਟੇਡੀਅਮ ਤਾਂ ਬਣਾ ਦਿੱਤੇ ਪਰ ਸਟੇਡੀਅਮ ਨੂੰ ਸਾਂਭਣ ਤੇ ਬੱਚਿਆਂ ਤੇ ਜਵਾਨਾਂ ਨੂੰ ਖੇਡਾਂ ਦੀ ਟ੍ਰੇਨਿੰਗ ਦੇਣ ਵਾਸਤੇ ਕੋਈ ਕੋਚ ਆਦਿ ਨਾ ਰੱਖੇ। ਉਹ ਸਟੇਡੀਅਮ ਵਿਰਾਨ ਹੋਏ ਪਏ ਹਨ। ਜੁਆਨੀ ਨੂੰ ਭਗਤ ਸਿੰਘ ਦੇ ਵਿਚਾਰਾਂ ਦਾ ਸਮਾਜ ਬਣਾਉਣ ਵਾਸਤੇ ਵਿਦੇਸ਼ਾਂ ਵਿੱਚ ਧੱਕੇ ਖਾਣ ਦੀ ਥਾਂ ਮੈਦਾਨ ਵਿੱਚ ਆਉਣਾ ਪੈਣਾ ਹੈ। ਇਸ ਮੌਕੇ ਸੀ ਪੀ ਆਈ ਦੇ ਬਲਾਕ ਸਕੱਤਰ ਨਰਿੰਦਰ ਸਿੰਘ ਅਲਗੋਂ, ਸੁਖਦੇਵ ਸਿੰਘ ਕਾਲਾ, ਨਰੇਗਾ ਯੂਨੀਅਨ ਦਾ ਆਗੂ ਟਹਿਲ ਸਿੰਘ ਲੱਧੂ, ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ, ਨਿਸ਼ਾਨ ਸਿੰਘ ਸਾਂਡਪੁਰਾ, ਸੁਖਵਿੰਦਰ ਕੌਰ ਅਲਗੋਂ, ਗੁਰਮੀਤ ਕੌਰ ਤੇ ਜੱਸ ਕੌਰ ਭਗਵਾਨਪੁਰਾ, ਮਨਜਿੰਦਰ ਕੌਰ ਭਿੱਖੀਵਿੰਡ, ਵਰਿੰਦਰ ਸਿੰਘ ਭਿੱਖੀਵਿੰਡ ਹਾਜ਼ਰ ਸਨ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਸਮੂਹਿਕ ਸਹਿਯੋਗ ਨਾਲ ਸਫਲ ਬਣਾਇਆ ਜਾਵੇਗਾ : ਪਨੂੰ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)- ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਅਤੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਗੁਰਦਾਸਪੁਰ ਵੱਲੋਂ ਬਲਾਕ ਫਤਿਹਗੜ੍ਹ ਚੂੜੀਆਂ ਦੇ ਬੀ.ਡੀ.ਪੀ. ਓ ਦਫਤਰ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੀਟਿੰਗ ਕੀਤੀ ਗਈ। ਇਸ ਮੌਕੇ ਸਬ ਡਵੀਜ਼ਨ ਦੇ ਪੁਲਸ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ। ਮੀਟਿੰਗ ਦੌਰਾਨ ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਬਲਾਕ ਪ੍ਰਧਾਨਾਂ ਨੂੰ ਕਿਹਾ ਕਿ ਸਮਾਜਿਕ ਬੁਰਾਈ ਨਸ਼ੇ ਨੂੰ ਖਤਮ ਕਰਨ ਲਈ ਵੱਧ ਤੋਂ ਵੱਧ ਪੁਲਸ ਵਿਭਾਗ ਨਾਲ ਸਹਿਯੋਗ ਕੀਤਾ ਜਾਵੇ। ਪਿੰਡ ਵਿੱਚ ਜੇਕਰ ਕੋਈ ਵੀ ਨਸ਼ਾ ਵੇਚਦਾ ਹੈ ਤਾਂ ਉਸ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਸ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਜੋ ਲੋਕ/ਨੌਜਵਾਨ ਕਿਸੇ ਕਾਰਨ ਨਸ਼ੇ ਦੇ ਜਾਲ ਵਿੱਚ ਫਸ ਗਏ ਹਨ, ਉਨ੍ਹਾਂ ਨੂੰ ਸਮਝਾਇਆ ਜਾਵੇ ਅਤੇ ਉਨ੍ਹਾਂ ਦਾ ਇਲਾਜ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾਂ ਪੀੜਤਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਡੀ.ਐਸ.ਪੀ ਵਿਪਨ ਕੁਮਾਰ, ਐਸ .ਐਚ .ਓ, ਚੌਕੀ ਇੰਚਾਰਜ, ਬਲਾਕ ਪ੍ਰਧਾਨ ਸੁਖਦੇਵ ਸਿੰਘ, ਦਵਿੰਦਰ ਸਿੰਘ, ਹਰਪ੍ਰੀਤ ਸਿੰਘ, ਹਰਦੀਪ ਸਿੰਘ, ਹਰਦੀਪ ਸਿੰਘ ਦਮੋਦਰ, ਸ਼ਮਸ਼ੇਰ ਸਿੰਘ, ਅਮਨਦੀਪ ਸਿੰਘ, ਜੁਗਰਾਜ ਸਿੰਘ, ਜਗਜੀਤ ਸਿੰਘ, ਪਰਮਜੀਤ ਸਿੰਘ, ਸੈਮੂਅਲ ਗਿੱਲ, ਪਲਵਿੰਦਰ ਸਿੰਘ, ਮਲਜਿੰਦਰ ਸਿੰਘ, ਸਰਬਜੀਤ ਟੋਨਾ, ਜਸਬੀਰ ਸਿੰਘ, ਸੁਰਜਨ ਸਿੰਘ, ਗੁਰਪ੍ਰੀਤ ਸਿੰਘ, ਪਰਗਟ ਸਿੰਘ, ਰਘਬੀਰ ਸਿੰਘ, ਅਨੂਪ ਕੁਮਾਰ, ਲਖਵਿੰਦਰ ਸਿੰਘ ਬੱਲ, ਰਜਿੰਦਰ ਸਿੰਘ, ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ, ਕਰਮਜੀਤ ਪੀਏ ਕਰਨ ਬਾਠ ਅਤੇ ਗੁਰਪ੍ਰਤਾਪ ਸਿੰਘ ਆਦਿ ਮੌਜੂਦ ਸਨ।

ਅੌਜਲਾ ਨੇ ਵਿਦੇਸ਼ ਮੰਤਰਾਲੇ ਦੀ ਸਲਾਹਕਾਰ ਕਮੇਟੀ ਦੀ ਮੀਟਿੰਗ 'ਚ ਹਿੱਸਾ ਲਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸੰਸਦ ਮੈਂਬਰ ਗੁਰਜੀਤ ਸਿੰਘ ਅੌਜਲਾ ਨੇ ਅੱਜ ਵਿਦੇਸ਼ ਮੰਤਰਾਲੇ ਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਵਿੱਚ ਹਿੱਸਾ ਲਿਆ। ਜਿਸ ਦਾ ਵਿਸ਼ਾ ਗੁਆਂਢੀ ਦੇਸ਼ਾਂ ਨਾਲ ਪਿਆਰ ਅਤੇ ਵਿਸ਼ਵਾਸ ਵਧਾਉਣਾ ਸੀ।ਸੰਸਦ ਮੈਂਬਰ ਅੌਜਲਾ ਨੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਵਜੋਂ ਹਿੱਸਾ ਲਿਆ। ਨਵੀਂ ਦਿੱਲੀ ਵਿੱਚ ਹੋਈ ਇਸ ਮੀਟਿੰਗ ਦਾ ਉਦੇਸ਼ ਭਾਰਤ ਅਤੇ ਗੁਆਂਢੀ ਦੇਸ਼ਾਂ ਜਿਵੇਂ ਕਿ ਬੰਗਲਾਦੇਸ਼, ਮਾਲਦੀਵ, ਮਿਆਂਮਾਰ, ਸ੍ਰੀਲੰਕਾ ਅਤੇ ਹੋਰਾਂ ਵਿਚਕਾਰ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਸੀ। ਸੰਸਦ ਮੈਂਬਰਾਂ ਨੇ ਗ੍ਰੀਸ, ਲਿਸਬਨ ਆਦਿ ਵਿੱਚ ਭਾਰਤੀ ਦੂਤਾਵਾਸਾਂ ਤੋਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਭਾਰਤੀਆਂ ਲਈ ਸਹਾਇਤਾ ਦੀ ਘਾਟ ਬਾਰੇ ਵੀ ਚਿੰਤਾ ਪ੍ਰਗਟ ਕੀਤੀ। ਅੌਜਲਾ ਨੇ ਕਿਹਾ ਕਿ ਪਟਿਆਲਾ ਹਾਊਸ ਵਿਖੇ ਪੰਜਾਬ ਦੇ ਬਿਨੈਕਾਰਾਂ ਨੂੰ ਦਰਪੇਸ਼ ਮੁੱਦੇ ਵੀ ਉਠਾਏ ਗਏ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਭਾਰਤੀਆਂ ਲਈ ਪ੍ਰਭਾਵਸ਼ਾਲੀ ਕੂਟਨੀਤਕ ਸਹਾਇਤਾ ਯਕੀਨੀ ਬਣਾਉਣਾ ਇੱਕ ਪ੍ਰਮੁੱਖ ਤਰਜੀਹ ਹੈ। ਇਸ ਸਮੇਂ ਅਣਗਿਣਤ ਭਾਰਤੀ ਵਿਦੇਸ਼ਾਂ ਵਿੱਚ ਰਹਿ ਰਹੇ ਹਨ ਅਤੇ ਵਪਾਰ ਅਤੇ ਸਬੰਧਾਂ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ। ਵਿਦੇਸ਼ ਮੰਤਰਾਲਾ ਹਮੇਸ਼ਾ ਗੁਆਂਢੀ ਦੇਸ਼ਾਂ ਨਾਲ ਮਜ਼ਬੂਤ ਸਬੰਧ ਬਣਾਈ ਰੱਖਣ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਵਿਦੇਸ਼ੀ ਭਾਰਤੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਮਾਨ ਸਰਕਾਰ ਦੇ ਜਬਰ ਵਿਰੁੱਧ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ

ਝਬਾਲ (ਹਰਜਿੰਦਰ ਸਿੰਘ ਸੋਨੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸਕੱਤਰ ਹਰਦੀਪ ਸਿੰਘ ਜੰਹੇਲ, ਜ਼ੋਨ ਮੀਤ ਪ੍ਰਧਾਨ ਅੰਗਰੇਜ਼ ਸਿੰਘ ਦੋਬੁਰਜੀ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੰਗਾਨਗਰ ਮਾਰਗ ਅੱਡਾ ਗੋਹਲਵੜ ਵਿਖੇ ਭਗਵੰਤ ਮਾਨ ਤੇ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਿਆ, ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ ਨੇ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਯਾਦ ਕਰਦਿਆਂ ਕਿਹਾ ਕਿ 23 ਸਾਲਾ ਨੌਜਵਾਨ 23 ਮਾਰਚ 1931 ਵਿੱਚ ਸ਼ਹੀਦੀ ਪਾ ਗਿਆ ਸੀ, ਸਰਦਾਰ ਭਗਤ ਸਿੰਘ ਸ਼ਹੀਦੀ ਪਾਉਣ ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਗੋਰਿਆਂ ਨੂੰ ਤਾਂ ਅਸੀਂ ਕੱਢ ਦਿੱਤਾ ਹੈ ਕਾਲੇ ਅੰਗਰੇਜ਼ ਦੇਸ਼ ਨੂੰ ਫਿਰ ਗੁਲਾਮ ਬਣਾ ਦੇਣਗੇ। ਕਿਸਾਨ ਆਗੂਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਮੀਟਿੰਗ ਬਹਾਨੇ ਵਿਸ਼ਵਾਸਘਾਤ ਕਰਕੇ 19 ਮਾਰਚ ਨੂੰ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ ਤੇ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਕੇਂਦਰ ਸਰਕਾਰ ਵਿਰੁੱਧ ਚੱਲ ਰਹੇ ਦੇਸ਼ ਵਿਆਪੀ ਅੰਦੋਲਨ ਨੂੰ ਪੁਲਸ ਫੋਰਸ ਦੇ ਅੱਤਿਆਚਾਰ ਰਾਹੀਂ ਖਿੰਡਾਉਣ ਲਾਠੀਚਾਰਜ ਤੇ ਸਮਾਨ ਦੀ ਭੰਨ ਤੋੜ ਕਰਨ ਵਿਰੁੱਧ ਭਗਵੰਤ ਮਾਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਜਲਦ ਦੋਵਾਂ ਫੋਰਮਾਂ ਦੀ ਮੀਟਿੰਗ ਕਰਕੇ ਪੰਜਾਬ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਤੇ ਕਿਸਾਨੀ ਮੰਗਾਂ ਮਨਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਦਰਸ਼ਨ ਜਾਰੀ ਰਹਿਣਗੇ ਤੇ ਮੰਗ ਕੀਤੀ ਜਾਵੇਗੀ ਕਿ ਗ੍ਰਿਫਤਾਰ ਕੀਤੇ ਕਿਸਾਨ, ਮਜ਼ਦੂਰ ਤੇ ਬੀਬੀਆਂ ਤੁਰੰਤ ਰਿਹਾਅ ਕੀਤੇ ਜਾਣ, ਸ਼ੰਭੂ, ਖਨੌਰੀ ਬਾਰਡਰਾਂ ਉੱਤੇ ਬੁਲਡੋਜ਼ਰ ਚਲਾ ਕੇ ਕਰੋੜਾਂ ਰੁਪਏ ਦੇ ਸਮਾਨ ਟਰੈਕਟਰ, ਟਰਾਲੀਆਂ, ਟੈਂਟਾਂ ਦੀ ਕੀਤੀ ਭੰਨਤੋੜ ਦਾ ਮੁਆਵਜ਼ਾ ਦਿੱਤਾ ਜਾਵੇ ਤੇ ਟਰਾਲੀਆਂ ਤੇ ਸਮਾਨ ਚੋਰੀ ਕਰਨ ਵਾਲੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਕੇ ਗ੍ਰਿਫਤਾਰ ਕੀਤਾ ਜਾਵੇ।

ਮੋਰਚਾ ਆਗੂਆਂ ਨੇ ਪਟਿਆਲਾ ਜੇਲ੍ਹ 'ਚ ਬੰਦ ਕਿਸਾਨ ਆਗੂਆਂ ਨਾਲ ਕੀਤੀ ਮੁਲਾਕਾਤ, ਅੱਜ ਹੋਵੇਗਾ ਅਗਲੇ ਐਕਸ਼ਨ ਦਾ ਐਲਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਕਿਸਾਨ ਮਜ਼ਦੂਰ ਮੋਰਚਾ ਭਾਰਤ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੇ ਆਗੂਆਂ ਵੱਲੋਂ ਦੋਨਾਂ ਮੋਰਚਿਆਂ ਦੀ ਤਰਫੋਂ ਵਫ਼ਦ ਦੇ ਰੂਪ ਵਿੱਚ, 19 ਮਾਰਚ ਨੂੰ ਚੰਡੀਗੜ੍ਹ ਵਿੱਚ ਰੱਖੀ ਗਈ ਮੀਟਿੰਗ ਤੋਂ ਇਕਦਮ ਬਾਅਦ ਅਚਾਨਕ ਹਿਰਾਸਤ ਵਿੱਚ ਲੈ ਕੇ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਸਰਵਣ ਸਿੰਘ ਪੰਧੇਰ, ਕਾਕਾ ਸਿੰਘ ਕੋਟੜਾ, ਮਨਜੀਤ ਸਿੰਘ ਰਾਏ ਅਤੇ ਅਭਿਮੰਨੂ ਕੋਹਾੜ, ਪੀ ਟੀ ਜੌਨ ਕੇਰਲਾ, ਨੰਦ ਕੁਮਾਰ ਤਾਮਿਲਨਾਡੂ, ਪੀ ਪਾਂਡਿਆਨ, ਸੁਖਜੀਤ ਸਿੰਘ ਹਰਦੋਝੰਡੇ ਅਤੇ ਬੀਬੀ ਸੁਖਵਿੰਦਰ ਕੌਰ ਸਮੇਤ ਹੋਰ ਸੀਨੀਅਰ ਆਗੂਆਂ ਨਾਲ ਮੁਲਾਕਾਤ ਕੀਤੀ ਗਈ। ਮੁਲਾਕਾਤ ਤੋਂ ਬਾਅਦ ਆਗੂਆਂ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਜੇਲ੍ਹ ਵਿੱਚ ਬੰਦ ਆਗੂ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਹਨ ਅਤੇ ਸੰਘਰਸ਼ ਦੀ ਅਗਲੀ ਰਣਨੀਤੀ 'ਤੇ ਵਿਚਾਰ ਕਰ ਰਹੇ ਹਨ। ਆਗੂਆਂ ਦੱਸਿਆ ਕਿ ਜੇਲ੍ਹ ਵਿੱਚ ਬੰਦ ਕਿਸਾਨ ਮਜ਼ਦੂਰ ਅੌਰਤਾਂ ਦੇ ਹੌਸਲੇ ਬੁਲੰਦ ਹਨ। ਉਹਨਾ ਦੱਸਿਆ ਕਿ 19 ਤਰੀਕ ਤੋਂ ਲਗਾਤਾਰ ਰਾਜਸਥਾਨ, ਹਰਿਆਣਾ, ਉਤਰ ਪ੍ਰਦੇਸ਼ ਵਿੱਚ ਪੁਤਲੇ ਫੂਕੇ ਜਾ ਰਹੇ ਹਨ, ਉੱਥੇ ਪੰਜਾਬ ਵਿੱਚ 20 ਤਰੀਕ ਨੂੰ ਭਾਰੀ ਪੁਲਸ ਫੋਰਸ ਵੱਲੋਂ ਵੱਡੀਆਂ ਰੋਕਾਂ ਲਗਾਉਣ ਦੇ ਬਾਵਜੂਦ ਲੋਕਾਂ ਨੇ ਡੀ ਸੀ ਦਫ਼ਤਰਾਂ ਤੇ ਭਾਰੀ ਇਕੱਠ ਕੀਤੇ ਗਏ, ਓਥੇ ਹੀ ਤਾਮਿਲਨਾਡੂ ਵਿੱਚ ਵੱਡੇ ਪੱਧਰ ਤੇ ਕਿਸਾਨਾਂ ਵੱਲੋਂ ਰੇਲ ਚੱਕਾ ਜਾਮ ਕੀਤਾ ਗਿਆ। ਉਹਨਾ ਜਾਣਕਾਰੀ ਦਿੱਤੀ ਕਿ ਆਉਂਦੇ ਦਿਨਾਂ ਵਿੱਚ ਇਹ ਦੇਸ਼ ਪੱਧਰੀ ਪ੍ਰੋਗਰਾਮ ਜਾਰੀ ਰਹਿਣਗੇ ਅਤੇ ਹਜ਼ਾਰਾਂ ਪਿੰਡਾਂ ਵਿੱਚ ਰੋਜ਼ਾਨਾ ਪੰਜਾਬ ਅਤੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਜਾਣ ਦੇ ਪ੍ਰੋਗਰਾਮ ਚਲਦੇ ਰਹਿਣਗੇ। ਉਹਨਾ ਦੱਸਿਆ ਕਿ ਦੋਨਾਂ ਫੋਰਮਾਂ ਵੱਲੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿੱਚ ਕੀਤੀ ਗਈ ਮੀਟਿੰਗ ਵਿੱਚ ਅਗਲੇ ਪ੍ਰੋਗਰਾਮ ਉਲੀਕੇ ਗਏ ਹਨ ਜੋ ਕਿ 24 ਮਾਰਚ ਨੂੰ ਸਾਂਝੀ ਅਤੇ ਅਹਿਮ ਪ੍ਰੈਸ ਕਾਨਫਰੰਸ ਕਰਕੇ ਅਗਲੇ ਪ੍ਰੋਗਰਾਮ ਜਨਤਾਂ ਵਿੱਚ ਐਲਾਨੇ ਜਾਣਗੇ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਵੱਲੋ

ਨਵਾਂ ਜ਼ਮਾਨਾ
ਸੋਮਵਾਰ, 24 ਮਾਰਚ 2025

ਚੇਨਈ ਦਾ ਸੁਨੇਹਾ

ਲੋਕ ਸਭਾ ਦੀਆਂ ਸੀਟਾਂ ਦੀ 2026 ਦੀ ਮਰਦਮਸ਼ੁਮਾਰੀ ਦੇ ਹਿਸਾਬ ਨਾਲ ਨਵੀਂ ਹਲਕਾਬੰਦੀ ਨੂੰ ਲੈ ਕੇ ਪੈਦਾ ਹੋਏ ਸ਼ੰਕਿਆਂ ਦਰਮਿਆਨ ਸਨਿੱਚਰਵਾਰ ਆਪੋਜ਼ੀਸ਼ਨ ਰਾਜਾਂ ਦੇ ਮੁੱਖ ਮੰਤਰੀਆਂ ਤੇ ਆਗੂਆਂ ਨੇ ਚੇਨਈ ਵਿੱਚ ਕਰੀਬ ਤਿੰਨ ਘੰਟੇ ਵਿਚਾਰ-ਵਟਾਂਦਰਾ ਕੀਤਾ ਕਿ ਕੇਂਦਰ ਵਿੱਚ ਹੁਕਮਰਾਨ ਭਾਜਪਾ ਦੀ ਪਰਵਾਰ ਨਿਯੋਜਨ ਨੂੰ ਸਹੀ ਤਰ੍ਹਾਂ ਲਾਗੂ ਕਰਨ ਵਾਲੇ ਰਾਜਾਂ ਦੀਆਂ ਸੀਟਾਂ ਘਟਾਉਣ ਦੀ ਚਾਲ ਨਾਲ ਨਜਿੱਠਣਾ ਹੈ। ਇਸ ਦੌਰਾਨ ਸਾਂਝੀ ਐਕਸ਼ਨ ਕਮੇਟੀ ਨੇ ਲੜਾਈ ਨੂੰ ਅੱਗੇ ਲਿਜਾਣ ਲਈ ਮਤਾ ਪਾਸ ਕਰਕੇ ਮੰਗ ਕੀਤੀ ਕਿ 1971 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਤੈਅ ਹੋਏ ਲੋਕ ਸਭਾ ਹਲਕਿਆਂ ਦੀ 543 ਦੀ ਗਿਣਤੀ ਨੂੰ ਹੋਰ 25 ਸਾਲ ਜਾਰੀ ਰੱਖਿਆ ਜਾਵੇ। ਕੇਂਦਰ ਸਰਕਾਰ ਇਸ ਲਈ ਸੰਵਿਧਾਨ ਵਿੱਚ ਸੋਧ ਕਰੇ ਤੇ ਯਕੀਨੀ ਬਣਾਏ ਕਿ ਜਿਨ੍ਹਾਂ ਰਾਜਾਂ ਨੇ ਆਬਾਦੀ ਕੰਟਰੋਲ ਕਰਨ ਦੇ ਪ੍ਰੋਗਰਾਮਾਂ ਨੂੰ ਕਾਮਯਾਬੀ ਨਾਲ ਲਾਗੂ ਕੀਤਾ ਹੈ, ਉਨ੍ਹਾਂ ਦੀਆਂ ਸੀਟਾਂ ਘਟਾ ਕੇ ਉਨ੍ਹਾਂ ਨੂੰ ਸ਼ਾਬਾਸ਼ੀ ਦੀ ਥਾਂ ਸਜ਼ਾ ਨਹੀਂ ਦਿੱਤੀ ਜਾਵੇਗੀ। ਸੰਵਿਧਾਨ ਵਿੱਚ 42ਵੀਂ, 84ਵੀਂ ਤੇ 87ਵੀਂ ਸੋਧ ਪਿੱਛੇ ਮੰਤਵ ਆਬਾਦੀ ਕੰਟਰੋਲ ਕਰਨ ਦੇ ਕਦਮਾਂ ਨੂੰ ਲਾਗੂ ਕਰਨ ਵਾਲੇ ਰਾਜਾਂ ਦੇ ਹਿੱਤਾਂ ਦੀ ਰਾਖੀ ਕਰਨਾ ਤੇ ਉਨ੍ਹਾਂ ਦੀ ਮਾਲੀ ਮਦਦ ਕਰਕੇ ਹੌਸਲਾ-ਅਫਜ਼ਾਈ ਕਰਨਾ ਸੀ। ਕੌਮੀ ਪੱਧਰ 'ਤੇ ਆਬਾਦੀ ਦਾ ਵਧਣਾ ਅਜੇ ਪੂਰੀ ਤਰ੍ਹਾਂ ਕੰਟਰੋਲ ਨਹੀਂ ਹੋਇਆ। ਮਤੇ ਵਿੱਚ ਸੰਭਾਵਤ ਹਲਕਾਬੰਦੀ ਕਸਰਤ ਬਾਰੇ ਪਾਰਦਰਸ਼ਤਾ ਤੇ ਸਪੱਸ਼ਟਤਾ ਦੀ ਕਮੀ 'ਤੇ ਚਿੰਤਾ ਪ੍ਰਗਟਾਈ ਗਈ ਹੈ। ਮਤੇ ਵਿੱਚ ਕਿਹਾ ਗਿਆ ਹੈ ਕਿ ਨਵੀਂ ਹਲਕਾਬੰਦੀ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਰਾਜਾਂ ਦੀਆਂ ਸਿਆਸੀ ਪਾਰਟੀਆਂ ਤੇ ਹੋਰਨਾਂ ਭਾਗੀਦਾਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇ। ਮੀਟਿੰਗ ਨੇ ਫੈਸਲਾ ਕੀਤਾ ਕਿ ਚੇਨਈ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਰਾਜਾਂ ਦੇ ਸਾਂਸਦਾਂ ਦੀ ਕੋਰ ਕਮੇਟੀ ਹਲਕਾਬੰਦੀ ਦੇ ਮੁੱਦੇ 'ਤੇ ਸੰਸਦੀ ਰਣਨੀਤੀ ਬਣਾਏਗੀ ਤੇ ਸੰਸਦ ਦੇ ਚਲੰਤ ਸੈਸ਼ਨ ਵਿੱਚ ਪ੍ਰਧਾਨ ਮੰਤਰੀ ਨੂੰ ਸਾਂਝਾ ਮੰਗ-ਪੱਤਰ ਪੇਸ਼ ਕਰੇਗੀ। ਮੀਟਿੰਗ ਨੇ ਵੱਖ-ਵੱਖ ਰਾਜਾਂ ਦੀਆਂ ਪਾਰਟੀਆਂ ਨੂੰ ਸੱਦਾ ਦਿੱਤਾ ਕਿ ਉਹ ਅਸੈਂਬਲੀਆਂ ਵਿੱਚ ਢੁਕਵੇਂ ਮਤੇ ਪਾਸ ਕਰਨ। ਸਾਂਝੀ ਐਕਸ਼ਨ ਕਮੇਟੀ ਇਸ ਮੁੱਦੇ ਨੂੰ ਲੋਕਾਂ ਵਿੱਚ ਵੀ ਲੈ ਕੇ ਜਾਵੇਗੀ।

ਮੀਟਿੰਗ ਵਿੱਚ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ, ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ, ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈੱਡੀ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕਰਨਾਟਕ ਦੇ ਉੱਪ ਮੁੱਖ ਮੰਤਰੀ ਡੀ ਕੇ ਸ਼ਿਵ ਕੁਮਾਰ ਤੋਂ ਇਲਾਵਾ ਸੀ ਪੀ ਆਈ ਦੇ ਬਿਨੋਏ ਵਿਸਵਮ, ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਅਤੇ ਬੀਜੂ ਜਨਤਾ ਦਲ, ਭਾਰਤ ਰਾਸ਼ਟਰ ਸਮਿਤੀ, ਏ ਆਈ ਐੱਮ ਆਈ ਐੱਮ, ਕੇਰਲਾ ਕਾਂਗਰਸ ਦੇ ਨੁਮਾਇੰਦੇ ਵੀ ਸ਼ਾਮਲ ਹੋਏ।

ਮੀਟਿੰਗ ਵਿੱਚ ਬੋਲਦਿਆਂ ਕੇਰਲਾ ਦੇ ਮੁੱਖ ਮੰਤਰੀ ਵਿਜਯਨ ਨੇ ਕਿਹਾ ਕਿ ਨਵੀਂ ਹਲਕਾਬੰਦੀ ਸਿਰ 'ਤੇ ਲਟਕੀ ਤਲਵਾਰ ਵਾਂਗ ਹੈ। ਭਾਜਪਾ ਸਰਕਾਰ ਬਿਨਾਂ ਮਸ਼ਵਰੇ ਤੋਂ ਇਸ ਮੁੱਦੇ 'ਤੇ ਅੱਗੇ ਵਧ ਰਹੀ ਹੈ। ਅਚਾਨਕ ਉਠਾਇਆ ਗਿਆ ਇਹ ਕਦਮ ਸੰਵਿਧਾਨਕ ਸਿਧਾਂਤਾਂ ਤੇ ਜਮਹੂਰੀ ਲੋੜਾਂ ਤੋਂ ਪ੍ਰੇਰਤ ਨਹੀਂ, ਸਗੋਂ ਤੰਗ ਸਿਆਸੀ ਹਿੱਤਾਂ ਤੋਂ ਪ੍ਰੇਰਤ ਹੈ। ਤੇਲੰਗਾਨਾ ਦੇ ਮੁੱਖ ਮੰਤਰੀ ਰੈਡੀ ਨੇ ਕਿਹਾ ਕਿ ਜੇ ਭਾਜਪਾ ਸਰਕਾਰ ਨੇ ਆਬਾਦੀ ਦੇ ਹਿਸਾਬ ਨਾਲ ਹਲਕਾਬੰਦੀ ਕੀਤੀ ਤਾਂ ਦੱਖਣੀ ਰਾਜ ਆਪਣੀ ਆਵਾਜ਼ ਗੁਆ ਬੈਠਣਗੇ। ਪੰਜਾਬ ਦੇ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਕਦਮ ਦਾ ਉਦੇਸ਼ ਸਿਰਫ ਉਨ੍ਹਾਂ ਰਾਜਾਂ ਵਿੱਚ ਸੀਟਾਂ ਨੂੰ ਘਟਾ ਕੇ ਆਪੋਜ਼ੀਸ਼ਨ ਪਾਰਟੀਆਂ ਨੂੰ ਖਤਮ ਕਰਨਾ ਹੈ, ਜਿੱਥੇ ਭਾਜਪਾ ਜਿੱਤਦੀ ਨਹੀਂ। ਭਾਜਪਾ ਨੂੰ ਇਹ ਉਦੇਸ਼ ਪੂਰਾ ਨਹੀਂ ਕਰਨ ਦਿੱਤਾ ਜਾਵੇਗਾ।

ਲੜਾਈ ਨੂੰ ਅੱਗੇ ਵਧਾਉਣ ਲਈ ਅਗਲੀ ਮੀਟਿੰਗ ਹੈਦਰਾਬਾਦ ਵਿੱਚ ਕਰਨ ਦਾ ਫੈਸਲਾ ਕੀਤਾ ਗਿਆ। ਤਾਮਿਨਲਾਡੂ ਦੇ ਮੁੱਖ ਮੰਤਰੀ ਸਟਾਲਿਨ ਨੇ ਮੀਟਿੰਗ ਵਿੱਚ ਸਪੱਸ਼ਟ ਕੀਤਾ ਕਿ ਉਹ ਨਵੀਂ ਹਲਕਾਬੰਦੀ ਦੇ ਖਿਲਾਫ ਨਹੀਂ ਹਨ, ਪਰ ਇਹ ਨਿਰਪੱਖ ਢੰਗ ਨਾਲ ਹੋਣੀ ਚਾਹੀਦੀ ਹੈ। ਸਟਾਲਿਨ ਨੇ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਹੈ। ਦੱਖਣ ਦੀਆਂ ਸੀਟਾਂ ਘਟਣ ਤੇ ਉੱਤਰ ਦੀਆਂ ਵਧਣ ਨਾਲ ਫੈਡਰਲਿਜ਼ਮ ਨੂੰ ਵੱਡੀ ਸੱਟ ਵੱਜਣੀ ਹੈ। ਉੱਤਰ ਭਾਰਤ ਵਿੱਚ ਭਾਜਪਾ ਜ਼ਿਆਦਾ ਸੀਟਾਂ ਜਿੱਤ ਜਾਂਦੀ ਹੈ, ਜਦਕਿ ਦੱਖਣ ਭਾਰਤ ਉਸ ਦਾ ਰੱਥ ਰੋਕਦਾ ਹੈ। ਸਮੇਂ ਦੀ ਲੋੜ ਹੈ ਕਿ ਫੈਡਰਲਿਜ਼ਮ ਦੀਆਂ ਮੁਦਈ ਤਾਕਤਾਂ ਇਸ ਘੋਲ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ। ਇਸ ਲਈ ਮੀਟਿੰਗਾਂ ਨੂੰ ਸਿਰਫ ਦੱਖਣ ਤੱਕ ਸੀਮਤ ਨਾ ਰੱਖ ਕੇ ਕੇਂਦਰ (ਦਿੱਲੀ) ਤੱਕ ਲਿਆਉਣਾ ਚਾਹੀਦਾ ਹੈ, ਤਾਂ ਕਿ ਸਾਰੇ ਦੇਸ਼ ਨੂੰ ਪਤਾ ਲੱਗੇ ਕਿ 2026 ਦੀ ਮਰਦਮਸ਼ੁਮਾਰੀ ਦੇ ਹਿਸਾਬ ਨਾਲ ਨਵੀਂ ਹਲਕਾਬੰਦੀ ਕਰਾਉਣ ਪਿੱਛੇ ਭਾਜਪਾ ਦੀ ਮਨਸ਼ਾ ਕੀ ਹੈ।

ਪਾਠਕ-ਸੱਥ

ਸੋਸ਼ਲ ਮੀਡੀਆ 'ਤੇ ਪਾਬੰਦੀ

ਨੌਜਵਾਨ ਵੱਲੋਂ ਸੋਸ਼ਲ ਮੀਡੀਆ ਵਿੱਚ ਉਪਰੇਸ਼ਨ ਕਰਨ ਦੀਆਂ ਵਿਧੀਆਂ ਦੇਖਣ ਬਾਰੇ ਟੈਲੀਵਿਜ਼ਨ 'ਤੇ ਆਪਣਾ ਖੁਦ ਉਪਰੇਸ਼ਨ ਕਰਨ ਸੰਬੰਧੀ ਵੀਡੀਉ ਵਾਇਰਲ ਹੋ ਰਹੀ ਹੈ।ਕਾਬਲੇ-ਗ਼ੌਰ ਹੈ।ਸੋਸ਼ਲ ਮੀਡੀਆ 'ਤੇ ਧਮਾਕਾਖੇਜ਼ ਸਮੱਗਰੀ ਬਣਾਉਣ ਤੋਂ ਲੈ ਕੇ, ਅਸ਼ਲੀਲ, ਇਤਰਾਜ਼ ਯੋਗ ਫਿਲਮਾਂ, ਕਰਾਇਮ ਕਰਨ ਦੀਆਂ ਵਿਧੀਆਂ, ਦੇਸੀ ਜੜੀ ਬੂਟੀਆਂ, ਨੁਸਖ਼ੇ, ਫੇਕ ਖ਼ਬਰਾਂ, ਕੈਂਸਰ, ਸ਼ੂਗਰ, ਸਬਜ਼ੀਆਂ ਬਣਾਉਣ ਦੇ ਤਰੀਕੇ, ਰਾਸ਼ੀ ਫਲ, ਤਾਂਤ੍ਰਿਕ ਬਾਬਿਆਂ ਅਤੇ ਟਰੈਵਲ ਏਜੰਟਾਂ ਦਾ ਬੋਲਬਾਲਾ ਹੈ।ਨੇਤਾ ਲੋਕਾਂ ਦੇ ਉਲਟੇ ਸਿੱਧੇ ਕਾਰਟੂਨ ਵਗੈਰਾ ਵਗੈਰਾ ਦਾ ਹੜ੍ਹ ਆਇਆ ਹੈ। ਸੋਸ਼ਲ ਮੀਡੀਆਂ 'ਤੇ ਜੋ ਚੰਗੀਆਂ ਚੀਜ਼ਾਂ ਦੱਸੀਆਂ ਜਾਂਦੀਆਂ ਹਨ ਉਨ੍ਹਾਂ ਦਾ ਘੱਟ ਅਸਰ ਹੁੰਦਾ ਹੈ, ਮਾੜੀਆਂ ਚੀਜ਼ਾਂ ਦਾ ਬੱਚਿਆਂ 'ਤੇ ਜ਼ਿਆਦਾ ਪ੍ਰਭਾਵ ਪੈਂਦਾ ਹੈ।ਜਿਸ ਨੂੰ ਦੇਖ ਕਰਾਇਮ ਵੀ ਹੋ ਰਹੇ ਹਨ।ਸੋਸ਼ਲ ਮੀਡੀਆ ਜੋ ਇਤਰਾਜ਼ਯੋਗ ਵੀਡੀਉ, ਗ਼ੈਰ ਕਨੂੰਨੀ ਪੇਸ਼ ਕਰ ਰਹੇ ਹਨ, ਸਦਨ ਨੂੰ ਇਸ 'ਤੇ ਬੈਨ ਲਗਾ ਸਖ਼ਤ ਕਾਨੂੰਨ ਬਣਾਉਣਾ ਚਾਹੀਦਾ ਹੈ।ਇਸ ਨੂੰ ਨੌਜਵਾਨ ਦੇਖ ਕਰਾਇਮ ਦੀ ਦੁਨੀਆ ਵਿੱਚ ਜਾ ਰਹੇ ਹਨ।ਅਸ਼ਲੀਲ ਸਮੱਗਰੀ ਦੇਖ ਬਲਾਤਕਾਰ ਹੋ ਰਹੇ ਹਨ, ਧਮਾਕਾਖੇਜ਼ ਸਮੱਗਰੀ ਦੇਖ ਅਪਰਾਧ ਹੋ ਰਹੇ ਹਨ।ਪਿੱਛੇ ਥਾਣਿਆਂ ਤੇ ਮੰਦਰਾਂ 'ਤੇ ਹਮਲੇ ਇਸ ਗੱਲ ਦਾ ਸਬੂਤ ਹਨ।ਲੋਕ ਦੇਸੀ ਨੁਸਖ਼ੇ ਵਰਤ ਬਿਮਾਰ ਹੋ ਰਹੇ ਹਨ।ਜਿਸ ਤਰ੍ਹਾਂ ਹੁਣੇ ਜਿਹੇ ਗੰਜੇਪਨ ਨੂੰ ਦੂਰ ਕਰਨ ਦੀ ਵਿਧੀ ਨਾਲ ਕਈਆਂ ਦੀਆਂ ਅੱਖਾਂ ਖਰਾਬ ਹੋ ਗਈਆਂ ਆਦਿ ਖ਼ਬਰਾਂ ਨਸ਼ਰ ਹੋਈਆਂ ਸਨ। ਬੱਚੇ ਫਿਲਮਾਂ ਦੇਖ ਮਨੋਵਿਗਿਆਨਕ ਤੌਰ 'ਤੇ ਬਿਮਾਰ ਹੋ ਰਹੇ ਹਨ।ਪਿੱਛੇ ਕਈ ਪੱਬਜੀ ਫਿਲਮਾਂ ਦੇਖ ਖੁਦਕੁਸ਼ੀ ਕਰ ਗਏ ਹਨ।ਬੱਚੇ ਇਸ ਦਾ ਸ਼ਿਕਾਰ ਵੱਧ ਹੋ ਰਹੇ ਹਨ।ਨੌਜਵਾਨ ਗਲਤ ਟਰੈਵਲ ਏਜੰਟਾਂ ਦੇ ਝਾਂਸੇ ਵਿੱਚ ਫਸ ਰਹੇ ਹਨ। ਇਹ ਸੋਸ਼ਲ ਮੀਡੀਆ ਦਾ ਨਸ਼ਾ ਸਮੈਕ ਤੇ ਹੈਰੋਇਨ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ।ਇਸ 'ਤੇ ਕੇਂਦਰ ਦੀ ਸਰਕਾਰ ਨੂੰ ਤੁਰੰਤ ਐਕਸ਼ਨ ਕਰ ਅਜਿਹੀਆਂ ਸਾਈਟਾਂ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ।

-ਗੁਰਮੀਤ ਸਿੰਘ ਵੇਰਕਾ, 98786-00221

ਪੀ ਜੀ ਆਈ 'ਚ ਮਰੀਜ਼ਾਂ ਦੀ ਖੱਜਲ-ਖੁਆਰੀ

ਪੰਜਾਬ ਸਮੇਤ ਦੇਸ਼ ਦੇ ਹੋਰ ਅਨੇਕਾਂ ਸੂਬਿਆਂ ਤੋਂ ਲੋਕ ਪੀ ਜੀ ਆਈ ਚੰਡੀਗੜ੍ਹ ਵਿਖੇ ਆਪਣਾ ਇਲਾਜ ਕਰਵਾਉਣ ਨਾਲ ਆਉਂਦੇ ਹਨ। ਪ੍ਰੰਤੂ ਇੱਥੇ ਆ ਕੇ ਉਹਨਾਂ ਨੂੰ ਜ਼ਿਆਦਾ ਭੀੜ ਹੋਣ ਦੀ ਪ੍ਰੇਸ਼ਾਨੀ ਤੋਂ ਇਲਾਵਾ ਹੋਰ ਵੀ ਅਨੇਕਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੀ ਜੀ ਆਈ ਦੀ ਚਾਰਦੀਵਾਰੀ ਦੇ ਬਾਹਰ ਬਹੁਤ ਸਾਰੇ ਅਲਟਰਾਸਾਊਂਡ ਕਰਨ ਦੇ ਵੱਡੇ-ਵੱਡੇ ਬੋਰਡ ਟੰਗੇ ਹੋਏ ਹਨ। ਜਦੋਂ ਕੋਈ ਮਰੀਜ਼ ਜਾਂ ਮਰੀਜ਼ ਦਾ ਵਾਰਸ ਬੋਰਡ ਪੜ੍ਹ ਕੇ ਅਲਟਰਾਸਾਊਂਡ ਬਾਰੇ ਗੱਲ ਕਰਦਾ ਹੈ ਤਾਂ, ਤੁਰੰਤ ਹੀ ਬੋਰਡ ਟੰਗੇ ਹੋਈ ਦੁਕਾਨ ਵਾਲੇ ਪੈਸੇ ਜਮ੍ਹਾਂ ਕਰਵਾ ਕੇ ਦਸ ਮਿੰਟ ਉਡੀਕ ਕਰਨ ਲਈ ਆਖ ਕੇ ਬਿਠਾ ਦਿੰਦੇ ਹਨ। ਪਹਿਲੀ ਵਾਰ ਆਏ ਮਰੀਜ਼ ਨੂੰ ਹੁੰਦਾ ਹੈ ਕਿ ਇੱਥੇ ਹੀ ਅਲਟਰਾਸਾਊਂਡ ਕਰਦੇ ਹਨ, ਪ੍ਰੰਤੂ ਪਤਾ ਮਗਰੋਂ ਲਗਦਾ ਹੈ ਜਦੋਂ ਦੋ-ਚਾਰ ਹੋਰ ਅਜਿਹੇ ਮਰੀਜ਼ ਇਕੱਠੇ ਕਰ ਕੇ ਇੱਥੋਂ ਦੂਰ ਕਿਸੇ ਹੋਰ ਸੈਕਟਰ ਵਿੱਚ ਆਟੋ ਰਿਕਸ਼ਾ 'ਚ ਬਿਠਾ ਕੇ ਲੈ ਜਾਂਦੇ ਹਨ। ਜਿਸ ਕਰਕੇ ਮਰੀਜ਼ਾਂ ਦੀ ਬਹੁਤ ਜ਼ਿਆਦਾ ਖੱਜਲ ਖੁਆਰੀ ਹੁੰਦੀ ਹੈ। ਇਸ ਤੋਂ ਇਲਾਵਾ ਪੈਸਾ ਅਤੇ ਸਮਾਂ ਵੀ ਬਹੁਤ ਬਰਬਾਦ ਹੁੰਦਾ ਹੈ। ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਅਜਿਹੇ ਭੁਲੇਖਾ ਪਾਊ ਬੋਰਡਾਂ ਨੂੰ ਤੁਰੰਤ ਹਟਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪੀ ਜੀ ਆਈ ਵਿੱਚ ਗਰੀਬ ਲੋਕਾਂ ਨੂੰ ਰਾਤ ਅਤੇ ਮੀਂਹ ਵਿੱਚ ਠਹਿਰਨ ਲਈ ਵੱਡੇ ਸ਼ੈੱਡ ਜਾਂ ਵੱਡੇ ਹਾਲ ਕਮਰੇ ਦੀ ਉਸਾਰੀ ਕਰਨੀ ਚਾਹੀਦੀ ਹੈ। ਕਿਉਂਕਿ ਇੱਥੇ ਰਾਤ ਅਤੇ ਮੀਂਹ ਵਿੱਚ ਠਹਿਰਨ ਲਈ ਗਰੀਬ ਲੋਕਾਂ ਲਈ ਕੋਈ ਖ਼ਾਸ ਪ੍ਰਬੰਧ ਨਹੀਂ। ਲੋੜ ਹੈ ਸਰਕਾਰ ਨੂੰ ਇਸ ਪਾਸੇ ਗੰਭੀਰਤਾ ਨਾਲ ਗੌਰ ਕਰਨ ਦੀ।

-ਅੰਗਰੇਜ਼ ਸਿੰਘ ਵਿੱਕੀ, 98888-70822

ਭਾਰਤੀ ਸੰਵਿਧਾਨ 'ਚ ਸਮਾਜਿਕ ਬਰਾਬਰੀ ਦੇ ਆਧਾਰ

ਰਮੇਸ਼ ਰਤਨ

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਨਾਗਰਿਕਾਂ ਵਾਸਤੇ ਦਰਜ ਕੀਤੀ ਗਈ ਤੀਜੀ ਸੁਰੱਖਿਆ 'ਬਰਾਬਰੀ' ਹੈ। ਸੰਵਿਧਾਨ ਅੱਗੇ ਸਾਰੇ ਨਾਗਰਿਕਾਂ ਦੀ ਸਥਿਤੀ ਬਰਾਬਰ ਹੈ ਅਤੇ ਮੌਕਾ ਪ੍ਰਾਪਤ ਕਰਨ ਦੀ ਬਰਾਬਰੀ ਨੂੰ ਵੀ ਸੁਰੱਖਿਅਤ ਕੀਤਾ ਗਿਆ ਹੈ। ਬਰਾਬਰੀ ਦੀ ਲੋਚਾ ਭਾਰਤ ਅੰਦਰ ਹੀ ਨਹੀ, ਸਗੋਂ ਦੁਨੀਆ ਭਰ ਵਿਚ ਸਦੀਆਂ ਪੁਰਾਣੀ ਚਲੀ ਆ ਰਹੀ ਹੈ।

ਭਾਰਤ ਅੰਦਰ ਵੀ ਨਸਲ ਅਧਾਰਤ ਵਿਤਕਰੇ ਅਤੇ ਜੁਰਮਾਂ ਦੀਆ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਨੈਸ਼ਨਲ ਲਾਅ ਯੂਨੀਵਰਸਿਟੀ ਦਿੱਲੀ ਵੱਲੋ ਆਈ ਸੀ ਐੱਸ ਐੱਸ ਆਰ ਦਿੱਲੀ ਨਾਲ ਮਿਲ ਕੇ ਕੀਤੇ ਅਧਿਐਨ ਵਿਚ ਇਹ ਤੱਥ ਉਭਰ ਕੇ ਆਇਆ ਕਿ ਖਾਸ ਤੌਰ 'ਤੇ ਉਤਰ-ਪੱਛਮੀ ਰਾਜਾਂ ਦੇ ਲੋਕ ਅਕਸਰ ਹੀ ਵੱਡੇ ਸ਼ਹਿਰਾਂ ਅੰਦਰ ਨਸਲਭੇਦ ਅਧਾਰਤ ਵਿਤਕਰਿਆਂ ਅਤੇ ਜੁਰਮ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ।

ਲਿੰਗ ਆਧਾਰਤ ਵਿਤਕਰਿਆ ਵਿਰੁੱਧ ਇਸਤਰੀਆ ਦੇ ਅੰਦੋਲਨਾਂ ਦਾ ਭਾਰਤ ਸਮੇਤ ਦੁਨੀਆ ਭਰ ਵਿਚ ਲੰਮਾ ਇਤਿਹਾਸ ਹੈ। ਇੰਝ ਹੀ ਭਾਰਤ ਦੇ ਅਨੇਕ ਖੇਤਰਾਂ ਵਿਚ ਜਾਤ-ਪਾਤ ਅਧਾਰਤ ਵਿਤਕਰੇ ਅਤੇ ਜੁਰਮ ਹਾਲੇ ਤੱਕ ਜਾਰੀ ਹਨ।

ਭਾਰਤ ਦੇ ਸੰਵਿਧਾਨ ਨਿਰਮਾਤਾਵਾਂ ਵੱਲੋਂ ਨਾਗਰਿਕਾਂ ਦੀ ਬਰਾਬਰੀ ਲਈ ਕੀਤੀ ਵਿਵਸਥਾ ਦੀ ਵਿਆਖਿਆ ਸੰਵਿਧਾਨ ਦੇ ਤੀਜੇ ਭਾਗ ਅੰਦਰ ਬੁਨਿਆਦੀ ਅਧਿਕਾਰਾਂ ਦੇ ਅਨੁਛੇਦ 14 ਤੋਂ 18 ਵਿੱਚ ਕੀਤੀ ਗਈ ਹੈ।

ਸੰਵਿਧਾਨ 'ਚੋਂ ਉਭਰ ਰਹੇ 'ਭਾਰਤ ਦਾ ਸੰਕਲਪ' ਇੱਕ ਬਰਾਬਰੀ ਵਾਲੇ ਬਹੁਤ ਹੀ ਸਭਿਅਕ ਸਮਾਜ ਦਾ ਹੈ, ਜਿਸ ਦਾ ਆਧਾਰ ਕਾਨੂੰਨ ਆਧਾਰਤ ਮਨੁੱਖੀ ਗੌਰਵ ਅਤੇ ਆਪਸੀ ਭਾਈਚਾਰਾ ਹੈ।

ਅਨੁਛੇਦ 14 ਅਨੁਸਾਰ ਕਾਨੂੰਨੀ ਤੌਰ 'ਤੇ ਸਾਰੇ ਨਾਗਰਿਕ ਬਰਾਬਰ ਹਨ। ਭਾਰਤੀ ਸੀਮਾ ਅੰਦਰ ਰਾਜ ਵੱਲੋਂ ਕਿਸੇ ਵੀ ਨਾਗਰਿਕ ਨੂੰ ਕਾਨੂੰਨੀ ਬਰਾਬਰੀ ਦੀ ਸੁਰੱਖਿਆ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਅਨੁਛੇਦ 15 ਕਿਸੇ ਵੀ ਨਾਗਰਿਕ ਨਾਲ ਧਰਮ, ਨਸਲ, ਜਾਤ, ਲਿੰਗ ਜਾਂ ਜਨਮ-ਸਥਾਨ ਅਧਾਰਤ ਵਿਤਕਰੇ ਕਰਨ ਤੋਂ ਰੋਕਦਾ ਹੈ। ਕਿਸੇ ਨਾਗਰਿਕ ਨੂੰ ਕਿਸੇ ਵੀ ਦੁਕਾਨ, ਰੈਸਟੋਰੈਂਟ, ਹੋਟਲ ਜਾਂ ਮਨੋਰੰਜਨ ਸਥਾਨ ਉੱਪਰ ਜਾਣ ਦਾ ਅਧਿਕਾਰ ਹੈ। ਕਿਸੇ ਖੂਹ, ਪਾਣੀ ਦੇ ਸੋਮੇ, ਨਹਾਉਣ ਵਾਲੇ ਘਾਟ, ਸੜਕ 'ਤੇ ਚੱਲਣ ਜਾਂ ਸਰਕਾਰੀ ਸਥਾਨ ਉੱਪਰ ਜਾਣ ਲਈ ਰੋਕਿਆ ਨਹੀ ਜਾ ਸਕਦਾ।

ਅਨੁਛੇਦ 15 ਦੇ ਭਾਗ 3 ਅਤੇ 4 ਵਿੱਚ ਔਰਤਾਂ, ਬੱਚਿਆਂ ਅਤੇ ਪਛੜ ਗਈਆ ਜਮਾਤਾਂ, ਸ਼ਡਿਊਲ ਕਾਸਟ/ਸ਼ਡਿਊਲ ਟਰਾਈਬ ਵਾਸਤੇ ਵਿਸ਼ੇਸ਼ ਕਾਨੂੰਨ ਬਣਾਉਣ ਦਾ ਅਧਿਕਾਰ ਸਰਕਾਰ ਨੂੰ ਦਿੱਤਾ ਗਿਆ ਹੈ।

ਅਨੁਛੇਦ 16 ਸਰਕਾਰੀ ਨੌਕਰੀ ਲੈਣ ਜਾਂ ਨਿਯੁਕਤੀਆਂ ਕਰਨ ਸਮੇਂ ਨਾਗਰਿਕਾਂ ਨੂੰ ਬਰਾਬਰ ਦੇ ਮੌਕੇ ਦਿੱਤੇ ਜਾਣ ਨੂੰ ਨਿਸਚਿਤ ਕਰਦਾ ਹੈ। ਕਿਸੇ ਵੀ ਨਾਗਰਿਕ ਨੂੰ ਧਰਮ, ਨਸਲ, ਜਾਤ, ਲਿੰਗ, ਵੰਸ਼ ਜਾਂ ਜਨਮ ਸਥਾਨ ਦੇ ਅਧਾਰ 'ਤੇ ਨੌਕਰੀ ਤੋਂ ਅਯੋਗ ਨਹੀ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਨਾਲ ਵਿਤਕਰਾ ਕੀਤਾ ਜਾ ਸਕਦਾ ਹੈ।

ਅਨੁਛੇਦ 17 ਵਿੱਚ ਛੂਤ- ਛਾਤ ਨੂੰ ਪੂਰੀ ਤਰ੍ਹਾਂ ਮਨ੍ਹਾਂ ਕੀਤਾ ਗਿਆ ਹੈ। ਕਿਸੇ ਨਾਲ ਅਛੂਤ ਵਜੋਂ ਵਿਹਾਰ ਕਰਨ ਵਾਲੇ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾ ਸਕਦੀ ਹੈ।

ਅਨੁਛੇਦ 18 ਕਿਸੇ ਵੀ ਵਿਅਕਤੀ ਨੂੰ (ਭਾਵੇਂ ਫੌਜੀ

24-MAR-PAGE-5.qxd 3/23/2025 10:08 PM Page 1

ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਮਲੀ ਰੂਪ 'ਚ ਅਪਣਾਉਣ ਦੀ ਲੋੜ : ਡੀ ਪੀ ਮੌੜ

ਸਮਰਾਲਾ/ਮਾਛੀਵਾੜਾ (ਸੁਰਜੀਤ ਸਿੰਘ/ਸ਼ੈਂਕੀ ਸ਼ਰਮਾ)-'ਸ਼ਹੀਦ ਸਰਦਾਰ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਰਸਮੀ ਤੌਰ 'ਤੇ ਨਹੀਂ, ਬਲਕਿ ਅਮਲੀ ਰੂਪ ਵਿੱਚ ਅਪਣਾਉਣ ਦੀ ਲੋੜ ਹੈ।' ਇਹ ਵਿਚਾਰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਕਾਮਰੇਡ ਜਗਦੀਸ਼ ਬੌਬੀ ਵੱਲੋਂ ਮਾਛੀਵਾੜਾ ਵਿਖੇ ਇੱਕ ਸ਼ਰਧਾਂਜਲੀ ਸਮਾਗਮ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਡੀ ਪੀ ਮੌੜ ਨੇ ਭਾਰੀ ਗਿਣਤੀ ਵਿੱਚ ਹਾਜ਼ਰ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਅੱਜ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਸਾਰੀ ਦੁਨੀਆ ਵਿੱਚ ਮਕਬੂਲ ਹੈ।ਉਨ੍ਹਾਂ ਕਿਹਾ ਕਿ ਅੱਜ ਪਾਕਿਸਤਾਨ, ਜਿੱਥੇ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ, ਉਸ ਚੌਕ ਦਾ ਨਾਂਅ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਭਰਪੂਰ ਵਕਾਲਤ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਅੱਜ ਵੀ ਸ਼ਹੀਦ ਭਗਤ ਸਿੰਘ ਨੌਜਵਾਨਾਂ ਦੇ ਰੋਲ ਮਾਡਲ ਹਨ।ਉਨ੍ਹਾਂ ਦੇ ਵਿਚਾਰ ਸਮਾਜ ਵਿੱਚ ਵਿਆਪਕ ਰੂਪ ਵਿੱਚ ਤਸਲੀਮ ਕੀਤੇ ਜਾ ਰਹੇ ਹਨ।ਕਮਿਊਨਿਸਟ ਆਗੂ ਨੇ ਕਿਹਾ ਕਿ ਭਗਤ ਸਿੰਘ ਨੇ ਆਜ਼ਾਦੀ ਦੀ ਲੜਾਈ ਲੜਦਿਆਂ ਤਿੰਨ ਨਾਅਰੇ ਦਿੱਤੇ ਸਨ।ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ ਤੇ ਸਮਾਜਵਾਦ ਜ਼ਿੰਦਾਬਾਦ।ਉਨ੍ਹਾਂ ਕਿਹਾ ਕਿ ਭਗਤ ਸਿੰਘ ਦਾ ਵਿਚਾਰ ਸੀ ਕਿ ਦੁਨੀਆ ਵਿੱਚ ਅਜਿਹਾ ਸਮਾਜਵਾਦ ਹੋਏ, ਜਿੱਥੇ ਆਦਮੀ ਦੀ ਆਦਮੀ ਹੱਥੋਂ ਲੁੱਟ ਨਾ ਹੋਵੇ, ਸਗੋਂ ਸਮਜਿਕ ਬਰਾਬਰੀ ਹੋਵੇ।ਡੀ ਪੀ ਮੌੜ ਨੇ ਕਿਹਾ ਕਿ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਪੁਰਾਣੇ ਸੋਵੀਅਤ ਰੂਸ ਨੇ ਅਪਣਾਇਆ, ਜਿੱਥੇ ਸਭ ਲਈ ਬਰਾਬਰ ਸਿੱਖਿਆ, ਸਿਹਤ ਸਹੂਲਤਾਂ, ਸਭ ਲਈ ਮਕਾਨ, ਨੌਕਰੀਆਂ ਤੇ ਰੋਜ਼ਗਾਰ ਹੋਵੇ।ਅਜਿਹੀ ਸਮਾਜਿਕ ਵਿਵਸਥਾ ਹੋਵੇ ਕਿ ਜਿਸ ਹਸਪਤਾਲ ਵਿੱਚ ਦੇਸ਼ ਦੇ ਰਾਸ਼ਟਰਪਤੀ ਦਾ ਇਲਾਜ ਹੋਵੇ, ਉਥੇ ਮਜ਼ਦੂਰ ਦਾ ਵੀ ਇਲਾਜ ਹੋਵੇ।ਇਸੇ ਤਰ੍ਹਾਂ ਸਕੂਲ ਵਿੱਚ ਦਾ ਧਨਾਢ ਤੇ ਮਜ਼ਦੂਰ ਦੇ ਬੱਚੇ ਬਰਾਬਰ ਬੈਠ ਕੇ ਸਿੱਖਿਆ ਪ੍ਰਾਪਤ ਕਰ ਸਕਣ।ਉਨ੍ਹਾਂ ਕਿਹਾ ਕਿ ਜਦੋਂ ਸੋਵੀਅਤ ਰੂਸ ਨੇ ਸਮਜਿਕ ਬਰਾਬਰੀ ਦਾ ਇਹ ਤਰੀਕਾ ਅਪਣਾਇਆ ਤਾਂ ਦੁਨੀਆ ਵਿੱਚ ਤਰਥੱਲੀ ਮਚ ਗਈ।ਬਾਕੀ ਦੇਸ਼ਾਂ ਦੇ ਲੋਕ ਵੀ ਅਜਿਹੀ ਬਰਾਬਰੀ ਦੀ ਵਿਵਸਥਾ ਦੀ ਮੰਗ ਕਰਨ ਲੱਗ ਪਏ, ਜਿਸ ਦੇ ਸਿੱਟੇ ਵਜੋਂ ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਵਰਗੇ ਤਰੱਕੀ ਪਸੰਦ ਤੇ ਸਰਮਾਏਦਾਰੀ ਮੁਲਕਾਂ ਵਿੱਚ ਵੀ ਭਗਤ ਸਿੰਘ ਦੇ ਸਮਾਜਿਕ ਬਰਾਬਰੀ ਦੇ ਸਿਧਾਂਤ ਲਾਗੂ ਹੋਣ ਲੱਗੇ।ਉਨ੍ਹਾਂ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਸਰਕਾਰਾਂ ਤੋਂ ਮੰਗ ਕਰਦੀ ਹੈ ਕਿ ਸਿਹਤ ਸਹੂਲਤਾਂ, ਹਸਪਤਾਲਾਂ ਵਿੱਚ ਇਲਾਜ ਤੇ ਪੜ੍ਹਾਈ ਮੁਫਤ ਹੋਵੇ ਅਤੇ ਹਰ ਨੌਜਵਾਨ ਨੂੰ ਪੜ੍ਹਾਈ ਮੁਕੰਮਲ ਕਰਨ ਉਪਰੰਤ ਰੋਜ਼ਗਾਰ ਗਾਰੰਟੀ ਮਿਲੇ।ਉਨ੍ਹਾਂ ਕਿਹਾ ਕਿ ਇੱਕ ਨੌਜਵਾਨ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਵਿੱਚ ਕਰੀਬ 28-29 ਸਾਲ ਲੱਗ ਜਾਂਦੇ ਹਨ, ਉਸ ਤੋਂ ਬਾਅਦ ਉਸ ਨੂੰ ਜਿਹੜੀ ਨੌਕਰੀ ਮਿਲਦੀ ਹੈ, ਉਹ 15600/ ਰੁਪਏ ਦੀ, ਉਹ ਵੀ ਸਾਰਿਆਂ ਨੂੰ ਨਹੀਂ ਬਲਕਿ 20 ਕੁ ਫੀਸਦੀ ਨੌਜਵਾਨਾਂ ਨੂੰ ਮਿਲਦੀ ਹੈ, ਜਿਸ ਵਿਚ ਗੁਜ਼ਾਰਾ ਹੋਣਾ ਨਾਮੁਮਕਿਨ ਹੈ।ਇਹੋ ਕਾਰਨ ਹੈ ਕਿ ਪੰਜਾਬ ਦਾ ਨੌਜਵਾਨ ਬੇਰੋਜ਼ਗਾਰ ਹੋਣ ਕਰਕੇ ਵਿਦੇਸ਼ਾਂ ਵੱਲ ਨੂੰ ਰੁਖ ਕਰ ਰਿਹਾ ਹੈ।ਕੁਝ ਨੌਜਵਾਨ ਨਸ਼ਿਆਂ 'ਚ ਪੈ ਕੇ ਆਪਣੀ ਜ਼ਿੰਦਗੀ ਤਬਾਹ ਕਰ ਲੈਂਦੇ ਹਨ, ਕੁਝ ਨਸ਼ਾ ਤਸਕਰੀ ਵਿੱਚ ਪੈ ਜਾਂਦੇ ਹਨ ਤੇ ਕੁਝ ਗੈਂਗਸਟਰ ਬਣ ਕੇ ਜ਼ੁਲਮ ਦੀ ਦੁਨੀਆ ਵਿੱਚ ਮਿਲ ਜਾਂਦੇ ਹਨ, ਜਿਥੋਂ ਵਾਪਸੀ ਦਾ ਕੋਈ ਰਾਹ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਅੱਜ ਸ਼ਹੀਦ ਭਗਤ ਸਿੰਘ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਸਮਾਜਵਾਦ ਦੀ ਰਚਨਾ ਕੀਤੀ ਜਾ ਸਕਦੀ ਹੈ, ਜਿੱਥੇ, ਸਭ ਨੂੰ ਹਰ ਖੇਤਰ ਵਿਚ ਬਰਾਬਰੀ ਦਾ ਅਧਿਕਾਰ ਹੋਵੇਗਾ।ਇਸੇ ਦੌਰਾਨ ਚਰਨ ਸਿੰਘ ਸਰਾਭਾ, ਡਾ. ਗੁਰਪ੍ਰੀਤ ਰਤਨ, ਕੇਵਲ ਸਿੰਘ ਬਨਵੈਤ ਨੇ ਵੀ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਪਾਰਕ ਦਾ ਉਦਘਾਟਨ ਕੀਤਾ।ਇਸ ਦੌਰਾਨ ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਤੇ ਹਰਜਸ ਪਬਲਿਕ ਸਕੂਲ ਦੇ ਬੱਚਿਆਂ ਵਲੋਂ ਭਗਤ ਸਿੰਘ ਦੀ ਵਿਚਾਧਰਾ ਤੇ ਅਧਾਰਿਤ ਗੀਤ, ਕਵਿਤਾਵਾਂ ਤੇ ਨਾਟਕ ਪੇਸ਼ ਕੀਤੇ।ਬੱਚਿਆਂ ਦੀਆਂ ਇਨ੍ਹਾਂ ਪੇਸ਼ਕਾਰੀਆਂ ਨੇ ਹਾਜ਼ਰ ਦਰਸ਼ਕਾਂ ਨੂੰ ਬਹੁਤ ਭਾਵੁਕ ਕਰ ਦਿੱਤਾ।ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਸਮਾਜਿਕ ਬਰਾਬਰੀ ਦੀ ਮਿਸਾਲ ਪੇਸ਼ ਕਰਦਾ ਮੋਗਾ ਤੋਂ ਆਈ 'ਇਪਟਾ' ਦੀ ਨਾਟਕ ਟੀਮ ਨੇ ਧਨਾਢ ਬਿਰਤੀ 'ਤੇ ਕਰਾਰਾ ਵਿਅੰਗ ਕਰਦਾ ਨਾਟਕ 'ਇਹ ਲਹੂ ਕਿਸਦਾ ਹੈ' ਪੇਸ਼ ਕੀਤਾ।ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਡੀ ਪੀ ਮੌੜ, ਇਲਾਕੇ ਦੇ ਮਸ਼ਹੂਰ ਸਰਜਨ ਡਾ. ਬਲਬੀਰ ਸਿੰਘ ਤੇ ਸਾਬਕਾ ਕਾਰਜ ਸਾਧਕ ਅਫ਼ਸਰ ਸੁਖਸਾਗਰ ਨੂੰ ਸਨਮਾਨਤ ਕੀਤਾ ਗਿਆ।

ਇਸ ਮੌਕੇ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ, ਮਾਰਕੀਟ ਕਮੇਟੀ ਦੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਸਦਬਲਿਹਾਰ ਕੰਗ, ਪ੍ਰਿੰਸੀਪਲ ਨਿਰੰਜਨ ਕੁਮਾਰ, ਗੁਰਪ੍ਰੀਤ ਭੱਟੀਆਂ, ਅਰਵਿੰਦ ਕੁਮਾਰ, ਦੀਪਕ ਕੁਮਾਰ ਸਮੇਤ ਸਕੂਲਾਂ ਦੇ ਬੱਚੇ ਤੇ ਔਰਤਾਂ ਸ਼ਾਮਲ ਸਨ।

ਲੜਕੀ ਨੂੰ ਪ੍ਰੇਸ਼ਾਨ ਕਰਨ ਦਾ ਉਲ੍ਹਾਂਭਾ ਦੇਣ ਗਿਆਂ 'ਤੇ ਚਲਾਈ ਗੋਲ਼ੀ

ਇਕ ਦੀ ਮੌਤ, ਇਕ ਗੰਭੀਰ ਜ਼ਖਮੀ

ਸ੍ਰੀ ਮੁਕਤਸਰ ਸਾਹਿਬ/ਦੋਦਾ (ਸ਼ਮਿੰਦਰ ਪਾਲ, ਪੂਜਾ/ਵਕੀਲ ਬਰਾੜ)-ਸ੍ਰੀ ਮੁਕਤਸਰ ਸਾਹਿਬ ਦੇ ਨਜ਼ਦੀਕੀ ਪਿੰਡ ਭੁੱਲਰ ਵਿਖੇ ਦੇਰ ਰਾਤ ਮਾਮੂਲੀ ਵਿਵਾਦ ਉਪਰੰਤ ਚੱਲੀ ਗੋਲੀ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ, ਇਕ ਗੰਭੀਰ ਜ਼ਖਮੀ ਹੋ ਗਿਆ।ਮ੍ਰਿਤਕ ਦੀ ਪਛਾਣ ਬੂਟਾ ਸਿੰਘ (50) ਵਜੋਂ ਹੋਈ, ਜਦਕਿ ਮ੍ਰਿਤਕ ਦਾ ਛੋਟਾ ਭਰਾ ਮਨਦੀਪ ਸਿੰਘ ਜ਼ਖਮੀ ਹੋ ਗਿਆ, ਜਿਸ ਨੂੰ ਫਰੀਦਕੋਟ ਰੈਫਰ ਕੀਤਾ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਗੋਲੀ ਪਿੰਡ ਦੇ ਹੀ ਇਕ ਨੌਜਵਾਨ ਵੱਲੋਂ ਚਲਾਈ ਗਈ।ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਕਥਿਤ ਤੌਰ 'ਤੇ ਪਿੰਡ ਵਾਸੀ ਬੂਟਾ ਸਿੰਘ ਦੀ ਬੇਟੀ ਤੇ ਪਿੰਡ ਦੇ ਨੌਜਵਾਨ ਬਲਵਲ ਦੇ ਆਪਸੀ ਕਥਿਤ ਸਬੰਧਾਂ ਨੂੰ ਲੈ ਕੇ ਪੁਰਾਣਾ ਝਗੜਾ ਚੱਲ ਰਿਹਾ ਸੀ।ਅੱਜ ਬੂਟਾ ਸਿੰਘ ਤੇ ਉਸ ਦਾ ਭਰਾ ਮਨਦੀਪ ਸਿੰਘ ਉਸ ਦੇ ਘਰ ਆਏ ਤਾਂ ਇਨ੍ਹਾਂ ਦੀ ਕਹਾ-ਸੁਣੀ ਹੋ ਗਈ, ਜਿਸ ਉਪਰੰਤ ਬਲਵਲ ਨੇ 12 ਬੋਰ ਨਾਲ ਦੋ ਗੋਲੀਆਂ ਚਲਾਈਆਂ, ਜਿਸ 'ਚੋਂ ਇਕ ਗੋਲੀ ਬੂਟਾ ਸਿੰਘ ਦੇ ਲੱਗੀ ਅਤੇ ਦੂਜੀ ਮਨਦੀਪ ਸਿੰਘ ਦੇ ਲੱਗੀ।

ਮ੍ਰਿਤਕ ਬੂਟਾ ਸਿੰਘ ਦੀ ਫਾਈਲ ਫੋਟੋ

ਬੂਟਾ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਮਨਦੀਪ ਸਿੰਘ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਸਰਕਾਰੀ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਲਿਆਂਦਾ ਗਿਆ, ਜਿੱਥੋਂ ਉਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਰੈਫਰ ਕਰ ਦਿੱਤਾ ਗਿਆ।ਮ੍ਰਿਤਕ ਬੂਟਾ ਸਿੰਘ ਦੀ ਪਤਨੀ ਅਨੁਸਾਰ ਕਥਿਤ ਦੋਸ਼ੀ ਬਲਵਲ ਸਿੰਘ ਉਸ ਦੀ ਦਰਾਣੀ ਦੇ ਫੋਨ 'ਤੇ ਗਲਤ ਮੈਸੇਜ ਕਰ ਰਿਹਾ ਸੀ, ਉਸ ਦਾ ਦਿਓਰ ਤੇ ਪਤੀ ਉਸ ਦੇ ਘਰ ਮੋਬਾਇਲ ਲੈ ਕੇ ਇਸ ਸਬੰਧੀ ਉਲ੍ਹਾਂਭਾ ਦੇਣ ਗਏ ਕਿ ਉਸ ਨੇ ਅੱਗੋਂ ਗੋਲੀ ਚਲਾ ਦਿੱਤੀ।ਉਧਰ ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਤੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਬਰਸੀ 'ਤੇ ਵਿਸ਼ੇਸ਼

ਅਜ਼ਾਦੀ ਘਲਾਟੀਏ ਤੇ ਦੇਸ਼ ਭਗਤ ਨਰਾਇਣ ਸਿੰਘ ਮੱਕੜ

ਦੇਸ਼ ਭਗਤ ਨਰਾਇਣ ਸਿੰਘ ਆਪਣੇ ਸਾਥੀਆਂ ਸਮੇਤ ਅੰਗਰੇਜ਼ ਹਕੂਮਤ ਦੀ ਗ੍ਰਿਫ਼ਤ ਵਿੱਚ।

ਅੱਜ ਜਿਸ ਆਜ਼ਾਦ ਫਿਜ਼ਾ ਵਿੱਚ ਅਸੀਂ ਸਾਹ ਲੈ ਰਹੇ ਹਾਂ, ਇਹ ਆਜ਼ਾਦੀ ਸਾਨੂੰ ਸਾਡੇ ਦੇਸ਼ ਭਗਤਾਂ ਨੇ ਆਪਣਾ ਖੂਨ ਵਹਾ ਕੇ ਦਿਵਾਈ ਹੈ।ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਪੂਰੇ ਕੌਮ ਦੇ ਦੇਸ਼ ਭਗਤਾਂ ਨੇ ਆਪਣਾ ਯੋਗਦਾਨ ਦਿੱਤਾ ਹੈ। ਇਸੇ ਤਰ੍ਹਾਂ ਦੀ ਰਾਸ਼ਟਰੀਅਤਾ ਦਾ ਸਬੂਤ ਮਲੋਟ ਵਾਸੀ ਆਜ਼ਾਦੀ ਘੁਲਾਟੀਏ ਨਰਾਇਣ ਸਿੰਘ ਮੱਕੜ ਨੇ ਵੀ ਦਿੱਤਾ। ਸ੍ਰ. ਨਰਾਇਣ ਸਿੰਘ ਉਨ੍ਹਾਂ ਦੇਸ਼ ਭਗਤਾਂ ਵਿੱਚੋਂ ਹਨ, ਜਿਨ੍ਹਾਂ ਦੀ ਘਾਲਣਾ ਦਾ ਇਤਿਹਾਸ ਵਿੱਚ ਕਿਤੇ ਦੂਰ ਨੇੜੇ ਦਾ ਜ਼ਿਕਰ ਤੱਕ ਨਹੀ ਮਿਲਦਾ, ਪ੍ਰੰਤੂ ਅੰਗਰੇਜ਼ ਹਕੂਮਤ ਦੀ ਲੁੱਟ ਖਸੁੱਟ ਵਾਲੇ ਢਾਂਚੇ ਵਿਰੁੱਧ ਕੀਤੀ ਜੱਦੋ-ਜਹਿਦ ਤੇ ਨਿਭਾਏ ਕਿਰਦਾਰ ਕਾਰਨ ਉਹ ਲੋਕਾਂ ਦੇ ਮਨ ਵਿੱਚ ਵਸੇ ਹੋਏ ਹਨ। ਪਾਕਿਸਤਾਨ ਦੇ ਜ਼ਿਲ੍ਹਾ ਮੀਆਂਵਾਲੀ 'ਚ 1910 ਵਿੱਚ ਜਨਮੇ ਨਰਾਇਣ ਸਿੰਘ ਦੇਸ਼ ਪ੍ਰੇਮ ਦੇ ਜਜ਼ਬੇ ਵੱਸ ਬ੍ਰਿਟਿਸ਼ ਸਾਮਰਾਜ ਵਿਰੁੱਧ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨਾਲ ਅਡੋਲ ਹੀ ਜੁੜ ਗਏ ਤੇ ਹਕੂਮਤ ਵਿਰੋਧੀ ਕਾਰਵਾਈਆਂ ਕਾਰਨ ਇੱਕ ਵਾਰ ਜੇਲ੍ਹ ਵੀ ਗਏ। ਸੰਨ 1944 ਦੌਰਾਨ ਅੰਗਰੇਜ਼ ਹਕੂਮਤ ਵੱਲੋਂ ਲਗਾਏ ਟੈਕਸ ਦਾ ਡੱਟਵਾਂ ਵਿਰੋਧ ਕਰਦਿਆਂ ਆਪਣੇ ਸਾਥੀਆਂ ਭਾਈ ਰਾਮ ਸਿੰਘ, ਮੋਹਰ ਸਿੰਘ ਆਦਿ ਨਾਲ ਕੁੱਝ ਸਮਾਂ ਗਿੱਦੜਬਾਹਾ ਦੀ ਜੇਲ੍ਹ ਵਿੱਚ ਰਹੇ। ਸੰਨ 1947 ਦੀ ਵੰਡ ਦੇ ਦੁਖਾਂਤ ਵੇਲੇ ਆਪਣੀ ਪਤਨੀ ਸ੍ਰੀਮਤੀ ਹਰਭਜਨ ਕੌਰ ਨਾਲ ਰਾਜਸਥਾਨ ਦੇ ਜ਼ਿਲ੍ਹਾ ਗੰਗਾਨਗਰ ਵਿੱਚ ਕੁੱਝ ਸਮਾਂ ਬਿਤਾਉਣ ਮਗਰੋਂ ਮਲੋਟ ਵਿੱਚ ਆ ਵਸੇ, ਜਿੱਥੇ ਲੰਬੀ ਬਿਮਾਰੀ ਮਗਰੋਂ 24 ਮਾਰਚ 1988 ਵਿੱਚ ਸਵਰਗਵਾਸ ਹੋ ਗਏ। ਦੇਸ਼ ਪਿਆਰ ਦੀ ਸੁਲਗਦੀ ਚਿਣਗ ਨੂੰ ਕਾਇਮ ਰੱਖਦਿਆਂ ਉਨ੍ਹਾਂ ਦੇ ਬੇਟੇ ਪ੍ਰੀਤਮ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ ਤੇ ਬੇਟੀਆਂ ਦਲਜੀਤ ਕੌਰ, ਸੁਰਜੀਤ ਕੌਰ, ਜੋਗਿੰਦਰ ਕੌਰ ਆਪਣੇ ਪਿਤਾ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਸਮਾਜ ਸੇਵਾ ਦੇ ਕੰਮਾਂ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਅੱਜ ਉਨ੍ਹਾਂ ਦੀ 37ਵੀਂ ਬਰਸੀ 'ਤੇ ਇੱਕ ਸੰਖੇਪ ਸਮਾਗਮ ਸਥਾਨਕ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਰਿਸ਼ਤੇਦਾਰ, ਮਿੱਤਰ ਤੇ ਸਨੇਹੀ ਸ਼ਰਧਾ ਦੇ ਫੁੱਲ ਭੇਟ ਕਰਨਗੇ।

-ਗੁਰਮੀਤ ਸਿੰਘ ਮੱਕੜ, ਮਲੋਟ

ਕਾਤਰਾਂ

ਬਲੈਰੋ ਤੇ ਮੋਟਰਸਾਈਕਲ ਦੀ ਟੱਕਰ 'ਚ ਪਤੀ ਦੀ ਮੌਤ, ਪਤਨੀ ਜ਼ਖਮੀਂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਾਈਆਂ ਵਾਲਾ ਟੀ ਪੁਆਇੰਟ ਫਿਰੋਜ਼ਪੁਰ-ਫਰੀਦਕੋਟ ਰੋਡ ਕੋਲ ਬਲੈਰੋ ਗੱਡੀ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਪਤੀ ਦੀ ਮੌਤ ਤੇ ਪਤਨੀ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਬਲੈਰੋ ਗੱਡੀ ਚਾਲਕ ਖਿਲਾਫ 281, 251 (ਏ), 125 (ਬੀ), 324 (4), 106 (1) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਗਰੂਪ ਸਿੰਘ ਪੁੱਤਰ ਸੁੱਖਾ ਸਿੰਘ ਵਾਸੀ ਗੰਦੂ ਕਿਲਚਾ ਨੇ ਦੱਸਿਆ ਕਿ ਉਸ ਦਾ ਭਰਾ ਕੁਲਦੀਪ ਸਿੰਘ ਸਮੇਤ ਭਰਜਾਈ ਜਸਵਿੰਦਰ ਕੌਰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਸਹੁਰੇ ਪਿੰਡ ਕੋਠੇ ਰਾਜਾ ਜੰਗ ਵਿਖੇ ਜਾ ਰਿਹਾ ਸੀ, ਜਦ ਉਹ ਸਾਈਆਂ ਵਾਲਾ ਟੀ ਪੁਆਇੰਟ 'ਤੇ ਪੁੱਜਾ ਤਾਂ ਮੁਲਜ਼ਮ ਅਨਮੋਲ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਭੰਗਜਜੀ ਥਾਣਾ ਲੱਖੇਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਆਪਣੀ ਮਹਿੰਦਰਾ ਬਲੈਰੋ ਗੱਡੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਨ੍ਹਾਂ ਦੇ ਮੋਟਰਸਾਈਕਲ ਵਿੱਚ ਮਾਰੀ। ਇਸ ਹਾਦਸੇ ਵਿੱਚ ਉਸ ਦੇ ਭਰਾ ਕੁਲਦੀਪ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਤੇ ਭਰਜਾਈ ਜਸਵਿੰਦਰ ਕੌਰ ਦੇ ਸੱਟਾਂ ਲੱਗੀਆਂ ਤੇ ਮੋਟਰਸਾਈਕਲ ਨੁਕਸਾਨਿਆ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਹੌਲਦਾਰ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਬਲੈਰੋ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਵਿਆਹੁਤਾ ਕੋਲੋਂ ਦਾਜ ਮੰਗਣ ਤੇ ਕੁੱਟਮਾਰ ਕਰਕੇ ਘਰੋਂ ਕੱਢਿਆ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਵਿਖੇ ਇੱਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਤੇ ਉਸ ਦੀ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਪਤੀ ਖਿਲਾਫ 498-ਏ, 406, 506 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਦਰਖਾਸਤ/ਯੂਆਈਡੀ ਨੰਬਰ 494012 ਰਾਹੀਂ ਸਿਮਰਨ ਚਾਨਣਾ ਪੁੱਤਰੀ ਸਤਪਾਲ ਚਾਨਣਾ ਵਾਸੀ ਮਕਾਨ ਨੰਬਰ 127 ਫੇਸ 1

24 March - Page - 6.qxd 3/23/2025 10:27 PM Page 1

ਆਰ ਐਮ ਪੀ ਆਈ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਫਿਰਕੂ ਫਾਸ਼ੀਵਾਦ ਤੇ ਜਬਰ ਦੇ ਵਿਰੋਧ ਵਜੋਂ ਮਨਾਇਆ

ਅਜਨਾਲਾ - ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਵੱਲੋਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੀ ਅਗਵਾਈ 'ਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸਾਮਰਾਜ ਤੇ ਫਿਰਕੂ ਫਾਸ਼ੀਵਾਦ ਅਤੇ ਜਬਰ ਦੇ ਵਿਰੋਧ ਵਜੋਂ ਮਨਾਇਆ ਗਿਆ ਜਿਸ ਵਿੱਚ ਨੌਜਵਾਨ, ਕਿਸਾਨ ਤੇ ਮਜ਼ਦੂਰ ਵੱਡੀ ਗਿਣਤੀ ਵਿਚ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰਦੇ ਸ਼ਾਮਿਲ ਹੋਏ। ਇਸ ਵਿਸ਼ਾਲ ਇਕੱਠ ਨੂੰ ਜਥੇਬੰਦੀਆਂ ਦੇ ਪ੍ਰਮੁੱਖ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ ਜਮੂਹਰੀ ਕਿਸਾਨ ਸਭਾ ਪੰਜਾਬ ਤੇ ਕਿਸਾਨ ਸਭਾ ਦੇ ਆਗੂ ਗੁਰਨਾਮ ਸਿੰਘ ਦਾਲਮ ; ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ ਅਤੇ ਨੌਜਵਾਨ ਸਭਾ ਦੇ ਸੀਨੀਅਰ ਆਗੂਆਂ ਸ਼ਮਸ਼ੇਰ ਸਿੰਘ ਡੱਲਾ ਰਾਜਪੂਤਾਂ, ਡਾਕਟਰ ਬਲਵਿੰਦਰ ਸਿੰਘ ਬੱਲ ਲੱਬੇ ਦਰਿਆ, ਸੰਤ ਸਿੰਘ ਬਾਜਵਾ ਡਿਆਲ ਭੱਟੀ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਇਨਕਲਾਬੀ ਜੀਵਨ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਭਾਵੇਂ ਅੰਗਰੇਜ਼ ਨੇ ਇਹਨਾਂ ਨੂੰ ਫਾਂਸੀ ਦੇ ਦਿੱਤੀ ਪ੍ਰੰਤੂ ਇਹਨਾਂ ਦੇ ਵਿਚਾਰ ਅੱਜ ਵੀ ਜਿਊਂਦੇ ਹਨ। ਡਾ. ਅਜਨਾਲਾ ਨੇ ਬੋਲਦਿਆਂ ਕਿਹਾ ਕਿ ਮੌਜੂਦਾ ਬੀ ਜੇ ਪੀ ਦੀ ਮੋਦੀ ਸਰਕਾਰ ਸਾਮਰਾਜੀ ਨੀਤੀਆਂ 'ਤੇ ਚੱਲਦਿਆਂ ਦੇਸ਼ ਨੂੰ ਤਬਾਹੀ ਵੱਲ ਲੈ ਕੇ ਜਾ ਰਹੀ ਹੈ। ਆਉ ਇੱਕਠੇ ਹੋ ਕੇ ਇਹਦੇ ਦੇਸ਼ ਧ੍ਰੋਹੀ ਕਾਰਨਾਮਿਆਂ ਨੂੰ ਭਾਂਜ ਦੇਈਏ। ਸਮੂਹ ਬੁਲਾਰਿਆਂ ਨੇ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰਿਆਂ ਤੇ ਜਿਹੜਾ ਭਗਵੰਤ ਮਾਨ ਦੀ ਸਰਕਾਰ ਨੇ ਖਨੌਰੀ ਤੇ ਸ਼ੰਭੂ ਬਾਰਡਰਾਂ ਤੇ ਕਿਸਾਨਾਂ - ਮਜ਼ਦੂਰਾਂ ਉੱਤੇ ਅਥਾਹ ਜਬਰ ਢਾਹਿਆ ਅਤੇ ਉਹਨਾਂ ਦੀਆਂ ਸਟੇਜਾਂ ਟੈਂਟ ਅਤੇ ਹੋਰ ਸ਼ੈਲਟਰਾਂ ਆਦਿ ਨੂੰ ਜੇ ਸੀ ਬੀ ਮਸ਼ੀਨ ਅਤੇ ਬੁਲਡੋਜ਼ਰਾਂ ਨਾਲ ਪੁੱਟਿਆ ਤੇ ਢਾਹਿਆ ਗਿਆ ਇਹ ਅੱਤ ਘਿਨੌਣੀ ਕਾਰਵਾਈ ਦੀ ਸਾਰੇ ਦੇਸ਼ ਵਿਚ ਨਿੰਦਿਆ ਕੀਤੀ ਜਾ ਰਹੀ ਹੈ। ਇਸ ਇੱਕਠ ਵਿੱਚ ਪੁਰਜ਼ੋਰ ਮੰਗ ਕੀਤੀ ਗਈ ਕਿ ਸਾਰੇ ਕਿਸਾਨ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤੇ ਜਾਣ ਅਤੇ ਉਹਨਾਂ ਦਾ ਜ਼ਬਤ ਕੀਤਾ ਸਾਰਾ ਸਮਾਨ ਵਾਪਸ ਕੀਤਾ ਜਾਵੇ । ਇਸ ਮੌਕੇ ਪ੍ਰੋ ਮਾਲਕ ਸਿੰਘ ਗੁਰਾਲਾ ਨੇ ਨੌਜਵਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਜੀਵਨ ਤੋਂ ਪ੍ਰੇਰਨਾ ਲੈਂਦੇ ਹੋਏ ਆਪਣੀ ਪੜ੍ਹਾਈ ਕਰਨ, ਨਸ਼ਿਆਂ ਤੋਂ ਦੂਰ ਰਹਿਣ ਅਤੇ ਨਕਲ ਦੇ ਕੋਹੜ ਤੋਂ ਬਚਣ। ਇਸ ਸਮੇਂ ਹੋਰਨਾਂ ਤੋਂ ਇਲਾਵਾ ਦਿਹਾਤੀ ਮਜ਼ਦੂਰ ਸਭਾ ਦੇ ਸੀਨੀਅਰ ਆਗੂ ਗੁਰਨਾਮ ਸਿੰਘ ਉਮਰਪੁਰਾ, ਔਰਤ ਮੁਕਤੀ ਮੋਰਚੇ ਦੀ ਪ੍ਰਧਾਨ ਅਜੀਤ ਕੌਰ ਕੋਟ ਰਜ਼ਾਦਾ, ਰੇਸ਼ਮ ਸਿੰਘ ਅਜਨਾਲਾ, ਨੌਜਵਾਨ ਆਗੂ ਗਾਇਕ ਗੁਰਪਾਲ ਗਿੱਲ ਸੈਦਪੁਰ, ਬਲਵੰਤ ਸਿੰਘ ਡੱਲਾ ਰਾਜਪੂਤਾਂ, ਬਲਕਾਰ ਸਿੰਘ ਜੋਸ਼, ਮਨੀ ਸਿੰਘ ਬੋਹਲੀ, ਮੇਜਰ ਸਿੰਘ ਚੱਕ ਡੋਗਰਾਂ, ਦਿਲਬਾਗ ਸਿੰਘ ਬੀ.ਏ. ਤਲਵੰਡੀ, ਗੁਰਤੇਜ ਸਿੰਘ ਐਮ.ਏ.ਲੱਖੋਵਾਲ, ਸਾਹਿਲਪ੍ਰੀਤ ਸਿੰਘ ਸ਼ੂਫ਼ੀਆਂ ਤੇ ਸਾਜਨ ਸਿੰਘ ਅਲੀਵਾਲ ਨੇ ਆਪਣੇ ਵਿਚਾਰ ਰੱਖਦਿਆਂ ਭਗਤ ਸਿੰਘ ਦੇ ਰਾਹ 'ਤੇ ਚੱਲਣ ਦਾ ਪ੍ਰਣ ਕੀਤਾ

ਡਾ. ਮਹਿਮੀ ਨੇ ਦੰਦਾਂ ਨੂੰ ਸਿਹਤਮੰਦ ਬਣਾਉਣ ਸੰਬੰਧੀ ਦਿੱਤੀ ਜਾਣਕਾਰੀ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਡਾ. ਰੇਸ਼ਮ ਮਹਿਮੀ ਨੇ ਮਰੀਜ਼ਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਵਿਟਾਮਿਨ ਅਤੇ ਖਣਿਜ ਪਦਾਰਥਾਂ ਨਾਲ ਭਰਪੂਰ ਚੀਜ਼ਾਂ ਦਾ ਸੇਵਨ ਕੀਤਾ ਜਾਵੇ।ਖਾਣਾ ਖਾਣ ਤੋਂ ਬਾਅਦ ਚੰਗੀ ਤਰ੍ਹਾਂ ਮੂੰਹ ਦੀ ਸਫਾਈ ਕੀਤੀ ਜਾਵੇ।ਦੋ ਵਾਰ ਦੰਦਾਂ ਨੂੰ ਬੁਰਸ਼ ਨਾਲ ਸਾਫ ਕੀਤਾ ਜਾਵੇ।ਡਾ. ਰੇਸ਼ਮ ਮਹਿਮੀ ਨੇ ਕਿਹਾ ਕਿ ਡਾਕਟਰੀ ਸਲਾਹ ਅਨੁਸਾਰ ਦੰਦਾਂ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ। ਡਾਕਟਰ ਰੇਸ਼ਮ ਮਹਿਮੀ ਡੈਂਟਲ ਕਲੀਨਿਕ ਬਲਾਚੌਰ ਗਹੁਣ ਰੋਡ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੂਣ ਵਾਲੇ ਪਾਣੀ ਮਸੂੜਿਆਂ ਨੂੰ ਸਿਹਤਮੰਦ ਰੱਖਣ, ਸੋਜ ਨੂੰ ਘਟਾਉਣ ਅਤੇ ਬੈਕਟੀਰੀਆ ਨੂੰ ਮਾਰਨ ਵਿੱਚ ਮਦਦ ਕਰ ਸਕਦਾ ਹੈ।ਇੱਕ ਗਲਾਸ ਕੋਸੇ ਪਾਣੀ ਵਿੱਚ ਅੱਧਾ ਚਮਚ ਨਮਕ ਮਿਲਾ ਕੇ ਪੀਣਾ ਤੁਹਾਡੇ ਦੰਦਾ ਦੀ ਸਿਹਤ ਲਈ ਸਭ ਤੋਂ ਵਧੀਆ ਹੈ। ਬੇਕਿੰਗ ਸੋਡਾ ਨੂੰ ਪਾਣੀ ਵਿੱਚ ਘੋਲ ਕੇ ਦੰਦਾਂ ਦੀ ਸਫਾਈ ਲਈ ਵਰਤਿਆ ਜਾ ਸਕਦਾ ਹੈ।ਇੱਕ ਚਮਚ ਨਾਰੀਅਲ ਤੇਲ ਪਾਓ ਅਤੇ ਇਸਨੂੰ 15-20 ਮਿੰਟਾਂ ਤੱਕ ਆਪਣੇ ਮੂੰਹ 'ਚ ਰੱਖਣ ਨਾਲ ਦੰਦਾਂ ਦੇ ਬੈਕਟੀਰੀਆ ਨਿਕਲ ਜਾਂਦੇ ਹਨ ਅਤੇ ਦੰਦਾ ਦੀ ਸਿਹਤ 'ਚ ਸੁਧਾਰ ਹੁੰਦਾ ਹੈ।

ਬਲਾਕ ਕਾਹਨੂੰਵਾਨ 2 ਵਿਖੇ ਸੈਸ਼ਨ 2025-26 ਦੀ ਦਾਖ਼ਲਾ ਮੁਹਿੰਮ ਦਾ ਆਗਾਜ਼

ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਬਲਾਕ ਕਾਹਨੂੰਵਾਨ 2 ਵੱਲੋਂ ਵਿਸ਼ਾਲ ਦਾਖ਼ਲਾ ਰੈਲੀ ਦਾ ਆਗਾਜ਼ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵੜੈਚ ਤੋਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਲਵਿੰਦਰ ਸਿੰਘ ਗਿੱਲ ਦੀ ਅਗਵਾਈ ਵਿੱਚ ਹੋਇਆ। ਜਿਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਚੇਅਰਮੈਨ ਡਾ . ਜਸਪਾਲ ਸਿੰਘ ਪੰਧੇਰ ਵੀ ਓਹਨਾਂ ਦੇ ਨਾਲ ਸਨ। ਇਸ ਦੌਰਾਨ ਸੇਖਵਾਂ ਨੇ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ ਅਤੇ ਸਿੱਖਿਆ ਦੀ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਹੋਇਆਂ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਅਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਇਸ ਮੌਕੇ ਲਗਾਏ ਗਏ ਦਾਖ਼ਲਾ ਬੂਥ ਉੱਪਰ ਖ਼ੁਦ ਨਵੇਂ ਬੱਚਿਆਂ ਨੂੰ ਦਾਖਲ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਹੋਇਆਂ ਬਲਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਬੇਸ਼ੱਕ ਨਵਾਂ ਦਾਖ਼ਲਾ ਪਿਛਲੇ ਮਹੀਨੇ ਤੋਂ ਹੀ ਚੱਲ ਰਿਹਾ ਹੈ ਪਰ ਉਸ ਦਾ ਰਸਮੀ ਤੌਰ 'ਤੇ ਆਗਾਜ਼ ਅੱਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਹਰ ਪੱਖ ਤੋਂ ਬਹੁਤ ਸੁਧਾਰ ਹੋ ਰਿਹਾ ਹੈ । ਹੁਣ ਲੋੜ ਬਸ ਵੱਧ ਤੋਂ ਵੱਧ ਦਾਖਲਾ ਵਧਾਉਣ ਦੀ ਅਤੇ ਲੋਕਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਵਿਸ਼ਵਾਸ ਪੈਦਾ ਕਰਨ ਦੀ ਹੈ। ਪ੍ਰਿੰ. ਗੱਜਣ ਸਿੰਘ ਨੇ ਵੀ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਸਹੂਲਤਾਂ ਬਾਰੇ ਦੱਸਿਆ ਅਤੇ ਨਵੇਂ ਦਾਖਲੇ 'ਤੇ ਜ਼ੋਰ ਦਿੱਤਾ।ਇਸ ਮੌਕੇ ਇਸ ਮੌਕੇ ਸੁਖਜੀਤ ਸਿੰਘ ਸਰਪੰਚ ਪਿੰਡ ਵੜੈਚ, ਸਮੂਹ ਅਧਿਆਪਕ, ਮਾਪਿਆਂ ,ਦਾਖ਼ਲਾ ਕਮੇਟੀ ਮੈਂਬਰ ਰਾਜਿੰਦਰਜੀਤ ਸਿੰਘ ਸੀ . ਐਚ. ਟੀ., ਕੁਲਵੰਤ ਸਿੰਘ ਸੀ.ਐਚ. ਟੀ., ਅਮਰਜੀਤ ਸਿੰਘ ਐਚ. ਟੀ., ਸ੍ਰੀਮਤੀ ਨੀਤੂ ਅੱਤਰੀ ਐਮ. ਆਈ., ਰਣਜੀਤ ਕੌਰ, ਵਿਨੇ ਕੁਮਾਰ ਅਕਾਊਂਟੈਂਟ ਸਮੇਤ ਬਲਾਕ ਦੇ ਸਾਰੇ ਸੈਂਟਰ ਮੁੱਖ ਅਧਿਆਪਕ ਸਾਹਿਬਾਨ ,ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।

ਖਾਲਸਾ ਕਾਲਜ ਐਜੂਕੇਸ਼ਨ ਦੀ 68ਵੀਂ ਸਾਲਾਨਾ ਕਨਵੋਕੇਸ਼ਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਜੀ. ਟੀ. ਰੋਡ ਦੇ 68ਵੇਂ ਸਾਲਾਨਾ ਕਨਵੋਕੇਸ਼ਨ ਦੌਰਾਨ ਕਰੀਬ 700 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।ਖਾਲਸਾ ਕਾਲਜ ਫਾਰ ਵੂਮੈਨ ਵਿਖੇ ਕਰਵਾਏ ਗਏ ਉਕਤ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਖਾਲਸਾ ਯੂਨੀਵਰਸਿਟੀ ਦੇ ਪ੍ਰੋ—ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰੀ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਢੁੱਕਵੀਆਂ ਨੌਕਰੀਆਂ ਦੀ ਭਾਲ ਦਾ ਮੁਕਾਬਲਾ ਵਿਸ਼ਵਵਿਆਪੀ ਹੁੰਦਾ ਜਾ ਰਿਹਾ ਹੈ। ਛੀਨਾ ਨੇ ਕਿਹਾ ਕਿ ਸਿੱਖਿਆ ਦਾ ਮੁੱਖ ਉਦੇਸ਼ ਆਤਮਵਿਸ਼ਵਾਸ, ਅਨੁਸ਼ਾਸਨ ਅਤੇ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜਿਨ੍ਹਾਂ ਨੇ ਡਿਗਰੀਆਂ ਪ੍ਰਾਪਤ ਕੀਤੀਆਂ ਹਨ, ਉਹ ਸਾਡੇ ਭਵਿੱਖ ਦੇ ਅਧਿਆਪਕ ਹਨ ਅਤੇ ਸਿਰਫ਼ ਇਹੋ ਰਾਸ਼ਟਰ ਨਿਰਮਾਤਾ ਹੀ ਆਪਣੇ ਕੀਮਤੀ ਯੋਗਦਾਨ ਰਾਹੀਂ ਸਾਡੇ ਸਮਾਜ ਅਤੇ ਭਾਈਚਾਰੇ ਨੂੰ ਸਸ਼ਕਤ ਬਣਾ ਸਕਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਾਪਤ ਕਰਨ 'ਤੇ ਵਧਾਈ ਦਿੰਦਿਆਂ ਸਮਾਜ ਅਤੇ ਮਾਪਿਆਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਖਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ, ਜੋ ਕਿ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਸਨ, ਨੇ ਕਿਹਾ ਕਿ ਕਿਵੇਂ ਨਵੀਂ ਸਿੱਖਿਆ ਨੀਤੀ ਪੜ੍ਹਾਈ ਦੇ ਉਦੇਸ਼ਾਂ ਨੂੰ ਹੋਰ ਅਧਿਆਪਕ ਅਤੇ ਵਿਦਿਆਰਥੀਆਂ 'ਤੇ ਕੇਂਦ੍ਰਿਤ ਬਣਾ ਰਹੀ ਹੈ। ਇਸ ਮੌਕੇ ਖਾਲਸਾ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ ਨੇ ਕਾਲਜ ਦੀ ਪ੍ਰਗਤੀ ਰਿਪੋਰਟ ਪੜ੍ਹੀ ਜਿਸ 'ਚ ਅਕਾਦਮਿਕ, ਪਾਠਕ੍ਰਮ ਤੋਂ ਬਾਹਰ ਅਤੇ ਖੇਡਾਂ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਗਿਆ।ਇਸ ਮੌਕੇ ਛੀਨਾ ਨੇ ਡਾ ਮਹਿਲ ਸਿੰਘ, ਡਾ. ਕੁਮਾਰ ਨਾਲ ਮਿਲ ਕੇ ਯੂਨੀਵਰਸਿਟੀ ਦੇ ਟਾਪਰ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨ ਅਤੇ ਪ੍ਰਸ਼ੰਸਾ ਪੱਤਰ ਦਿੱਤੇ।ਉਪਰੰਤ ਡਾ. ਨਿਰਮਲਜੀਤ ਕੌਰ ਨੇ ਧੰਨਵਾਦ ਪੇਸ਼ ਕੀਤਾ। ਇਸ ਮੌਕੇ ਖ਼ਾਲਸਾ ਯੂਨੀਵਰਸਿਟੀ ਦੇ ਅਕਾਦਮਿਕ ਡੀਨ ਡਾ. ਸੁਰਿੰਦਰ ਕੌਰ, ਐਗਜ਼ਾਮੀਨੇਸ਼ਨ ਕੰਟਰੋਲਰ ਡਾ. ਕੰਵਲਜੀਤ ਸਿੰਘ, ਕੌਂਸਲ ਦੇ ਜੁਆਇੰਟ ਸਕੱਤਰ ਰਾਜਬੀਰ ਸਿੰਘ, ਪਰਮਜੀਤ ਸਿੰਘ ਬੱਲ, ਸੰਤੋਖ ਸਿੰਘ ਸੇਠੀ, ਲਖਵਿੰਦਰ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗਿੱਲ, ਅੰਡਰ ਸੈਕਟਰੀ ਡੀ. ਐਸ. ਰਟੌਲ ਸਮੇਤ ਹੋਰ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

ਸਿਟੀ ਵੈੱਲਫੇਅਰ ਕਲੱਬ ਨੇ ਸ਼ਹੀਦੇ ਆਜ਼ਮ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦਾ ਸ਼ਹੀਦੀ ਦਿਹਾੜਾ ਮਨਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਅੱਜ ਡੇਰਾ ਬਾਬਾ ਨਾਨਕ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਸਿਟੀ ਵੈਲਫੇਅਰ ਕਲੱਬ ਡੇਰਾ ਬਾਬਾ ਨਾਨਕ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਦਿਹਾੜੇ ਨੂੰ ਮਨਾਉਣ ਲਈ ਸਿਟੀ ਵੈਲਫੇਅਰ ਕਲੱਬ ਦੇ ਸਾਰੇ ਅਹੁਦੇਦਾਰ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਇਕੱਤਰ ਹੋਏ । ਇਸ ਮੌਕੇ ਵੱਖ ਵੱਖ ਬੁਲਾਰੇ ਜਿਸ ਵਿੱਚ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਵਿਨੋਦ ਕੁਮਾਰ ਮੱਤਰੀ, ਲੈਕਚਰਾਰ ਬਚਨ ਦਾਸ, ਕਾਨੂੰਗੋ ਪ੍ਰਸ਼ੋਤਮ ਲਾਲ, ਮਾਸਟਰ ਪਲਵਿੰਦਰ ਸਿੰਘ ਰੰਧਾਵਾ ਨੇ ਭਗਤ ਸਿੰਘ ਦੇ ਸੱਚੇ ਤੇ ਉੱਚੇ ਜੀਵਨ 'ਤੇ ਆਪਣੇ ਵਿਚਾਰ ਰੱਖੇ ਤੇ ਇਕੱਤਰ ਹੋਏ ਖਿਡਾਰੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਕਿਹਾ ਕਿ ਭਗਤ ਸਿੰਘ ਦਾ ਜੋ ਸੁਪਨਾ ਸੀ ,ਉਸ ਸੁਪਨੇ ਨੂੰ ਪੂਰਾ ਕਰਨ ਲਈ ਆਉ ਅਸੀਂ ਸਾਰੇ ਰਲ-ਮਿਲ ਕੇ ਆਪਣਾ ਫਰਜ਼ ਨਿਭਾਈਏ । ਇਸ ਮੌਕੇ ਸਿਟੀ ਵੈਲਫੇਅਰ ਕਲੱਬ ਦੇ ਪ੍ਰਧਾਨ ਰਾਜੇਸ਼ ਹਾਂਡਾ ਦੀ ਅਗਵਾਈ ਵਿੱਚ ਮਾਸਟਰ ਸਤਿੰਦਰ ਪਾਲ ਸਿੰਘ ਪ੍ਰਿੰਸ ਅਤੇ ਮਾਸਟਰ ਰਮੇਸ਼ ਅਵੱਸਥੀ ਵੱਲੋਂ ਸ਼ਹੀਦੇ ਆਜ਼ਮ ਸ. ਭਗਤ ਸਿੰਘ 'ਤੇ ਕਵਿਤਾਵਾਂ ਅਤੇ ਗੀਤ ਮੁਕਾਬਲੇ ਕਰਵਾਏ ਗਏ। ਇਸ ਮੌਕੇ ਅਥਲੈਟਿਕਸ ਦੌੜਾਂ ਕਰਵਾਈਆਂ ਗਈਆਂ ਤੇ ਭਾਗ ਲੈਣ ਵਾਲੇ ਖਿਡਾਰੀਆਂ ਅਤੇ ਸਿਟੀ ਵੈੱਲਫੇਅਰ ਕਲੱਬ ਦੇ ਅਹੁਦੇਦਾਰਾਂ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕੌਂਸਲਰ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਰਜਤ ਮਰਵਾਹਾ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਸਾਬਕਾ ਕੌਂਸਲਰ ਬਲਦੇਵ ਰਾਜ ਡਾਇਮੰਡ, ਗਗਨਦੀਪ ਸਿੰਘ, ਰਾਜੇਸ਼ ਡੋਗਰਾ, ਡਾਕਟਰ ਅਸ਼ੋਕ ਸੋਨੀ, ਰਮੇਸ਼ ਬੱਬਰ, ਸਾਹਬ ਸਿੰਘ, ਕੋਚ ਚਰਨਜੀਤ ਸਿੰਘ, ਹੈਡਮਾਸਟਰ ਅਰਵਿੰਦਰ ਪਾਲ ਸਿੰਘ, ਪ੍ਰੀਤਮ ਸਿੰਘ, ਹਰਭਜਨ ਲਾਲ ਡਿਗਰਾ, ਵਿਜੇ ਵਿੱਗ, ਡਾ. ਪ੍ਰਦੀਪ ਕੁਮਾਰ, ਮਾਸਟਰ ਰਾਮ ਸਰੂਪ, ਅਨਿਲ ਬੇਦਰਦੀ, ਮਾਸਟਰ ਤੇਜਿੰਦਰ ਪਾਲ ਸਿੰਘ ਪੁੰਨੀ ਆਦਿ ਹਾਜ਼ਰ ਸਨ।

ਅਜਨਾਲਾ ਦੇ ਨੌਜਵਾਨਾਂ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਦੇ

24-MAR-PAGE-7.qxd 3/23/2025 10:07 PM Page 1

ਤਾਲਮੇਲ ਸੁਸਾਇਟੀ ਸੰਗਰੂਰ ਵੱਲੋਂ ਤੀਜਾ ਮੁਫਤ ਮੈਡੀਕਲ ਕੈਂਪ

ਸੰਗਰੂਰ (ਪ੍ਰਵੀਨ ਸਿੰਘ)-ਤਾਲਮੇਲ ਸੁਸਾਇਟੀ ਸੰਗਰੂਰ ਵੱਲੋਂ ਇਥੋਂ ਨੇੜਲੇ ਪਿੰਡ ਕਲੌਦੀ ਵਿਖੇ ਸੰਗਰੂਰ ਸੋਸ਼ਲ ਵਰਕਰ ਸਵਾਮੀ ਰਵਿੰਦਰ ਗੁਪਤਾ ਦੀ ਯਾਦ ਵਿੱਚ ਤੀਜਾ ਵਿਸ਼ਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸੂਬਾਈ ਪੈਨਸ਼ਨਰਜ਼ ਆਗੂ ਤੇ ਸੰਗਰੂਰ ਸੋਸ਼ਲ ਵੈੱਲਫੇਅਰ ਐਸੋ: ਦੇ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸਵਾਮੀ ਰਵਿੰਦਰ ਗੁਪਤਾ, ਜੋ ਵੱਖੋ ਵੱਖ ਸੰਸਥਾਵਾਂ ਨਾਲ ਜੁੜੇ ਹੋਏ ਸਨ, ਸਚਮੁੱਚ ਹੀ ਇਕ ਨੇਕ ਦਿਲ ਇਨਸਾਨ ਦੇ ਨਾਲ ਨਾਲ ਸਮਾਜ ਸੇਵਾ ਨੂੰ ਸਮਰਪਤ ਸਨ। ਸ਼੍ਰੀ ਅਰੋੜਾ ਨੇ ਕੈਂਪ ਦੌਰਾਨ ਪਹੁੰਚੇ ਟੀ ਬੀ, ਸਾਹ, ਦਮੇ ਤੇ ਐਲਰਜ਼ੀ ਰੋਗਾਂ ਦੇ ਮਾਹਰ ਡਾ: ਕ੍ਰਿਪਾਲ ਸਿੰਘ ਤੇ ਜੱਚਾ ਬੱਚਾ ਰੋਗਾਂ ਦੇ ਮਾਹਰ ਡਾ: ਹਰਪ੍ਰੀਤ ਕੌਰ ਰੇਖੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੈਡੀਕਲ ਕੈਂਪਾਂ ਰਾਹੀਂ ਉਹ ਮਾਨਵਤਾ ਦੀ ਭਲਾਈ ਕਰ ਸਕਦੇ ਹਨ। ਇਸ ਕੈਂਪ ਨੂੰ 'ਧੀ ਪੰਜਾਬਣ ਮੰਚ' ਦੇ ਪ੍ਰਧਾਨ ਕੁਲਵਿੰਦਰ ਕੌਰ ਢੀਂਗਰਾ, ਡਾਇਰੈਕਟਰ ਹਰਜੀਤ ਸਿੰਘ ਢੀਂਗਰਾ, ਰਾਜਦੀਪ ਕੌਰ ਬਰਾੜ, ਡਾ: ਹਰਪ੍ਰੀਤ ਕੌਰ ਖਾਲਸਾ, ਬਲਜੀਤ ਸ਼ਰਮਾ, ਪ੍ਰੋ: ਸੰਤੋਖ ਕੌਰ ਤੇ ਹੋਰਨਾਂ ਨੇ ਵੀ ਸਵਾਮੀ ਗੁਪਤਾ ਵੱਲੋਂ ਪਾਈਆਂ ਪੈੜਾਂ ਦਾ ਜ਼ਿਕਰ ਕੀਤਾ। ਪਰਵਾਰ ਵੱਲੋਂ ਸਵਾਮੀ ਰਵਿੰਦਰ ਗੁਪਤਾ ਦੇ ਸੁਪਤਨੀ ਸ਼੍ਰੀਮਤੀ ਸੰਤੋਸ਼ ਗੁਪਤਾ ਨੇ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਨਗਰ ਵੱਲੋਂ ਇੰਜ: ਅਨਿਲ ਗੁਪਤਾ, ਇੰਜ: ਪਵਨ ਗੁਪਤਾ, ਤਜਿੰਦਰ ਬਾਂਸਲ, ਇੰਜ: ਬਲਰਾਜ ਬਾਂਸਲ, ਰਮਨ ਗੁਪਤਾ, ਨਗਰ ਬਾਲਾ, ਸਰੋਜ, ਗੁਰਪ੍ਰੀਤ ਕੌਰ, ਅਮਿਤਾ ਸ਼ਰਮਾਂ, ਪ੍ਰੋ: ਸ਼ਵਿੰਦਰ ਕੌਰ, ਸ੍ਰੀਮਤੀ ਸ਼ਸ਼ੀ ਬਾਲਾ, ਰਾਜ ਕੁਮਾਰ ਗੋਇਲ, ਪ੍ਰਿੰਸੀ: ਡਾ: ਰਸ਼ਪਿੰਦਰ ਕੌਰ ਨੂੰ ਵੀ ਸਨਮਾਨਤ ਕੀਤਾ ਗਿਆ। ਕੈਂਪ ਦੌਰਾਨ ਮੁਫ਼ਤ ਦਵਾਈਆਂ ਤੇ ਸਿਹਤ ਵਿਭਾਗ ਵੱਲੋਂ ਮੁਫ਼ਤ ਟੈਸਟਾਂ ਦਾ ਪ੍ਰਬੰਧ ਕੀਤਾ ਗਿਆ।

ਸਿਵਲ ਸਰਜਨ ਵੱਲੋਂ ਸਬ ਡਵੀਜ਼ਨਲ ਹਸਪਤਾਲ ਦਾ ਦੌਰਾ

ਮੂਨਕ (ਰਾਜਪਾਲ ਸਿੰਗਲਾ)-ਸਿਵਲ ਸਰਜਨ ਡਾ. ਸੰਜੇ ਕਾਮਰਾ ਨੇ ਸਬ ਡਵੀਜ਼ਨਲ ਹਸਪਤਾਲ ਮੂਨਕ ਦਾ ਅਚਨਚੇਤ ਨਿਰੀਖਣ ਕੀਤਾ।ਇਸ ਦੌਰਾਨ ਉਨ੍ਹਾਂ ਹਸਪਤਾਲ ਦੀ ਓ ਪੀ ਡੀ, ਵਾਰਡ, ਐਮਰਜੈਂਸੀ ਸਿਹਤ ਸੇਵਾਵਾਂ, ਜੱਚਾ-ਬੱਚਾ ਸਿਹਤ ਸੇਵਾਵਾਂ ਤੇ ਲੈਬ ਆਦਿ ਦਾ ਨਿਰੀਖਣ ਕੀਤਾ।ਉਹਨਾਂ ਵਾਰਡ ਵਿੱਚ ਦਾਖਲ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਬਾਰੇ ਪੁੱਛ-ਗਿੱਛ ਕੀਤੀ।ਉਨ੍ਹਾਂ ਹਸਪਤਾਲ ਦੀ ਸਾਫ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਅਤੇ ਮਰੀਜ਼ਾਂ ਨੂੰ ਸਾਰੀਆਂ ਲੋੜੀਂਦੀਆਂ ਦਵਾਈਆਂ ਹਸਪਤਾਲ ਦੇ ਅੰਦਰੋਂ ਹੀ ਉਪਲਬਧ ਕਰਾਉਣ ਲਈ ਵੀ ਕਿਹਾ।ਉਨ੍ਹਾਂ ਕਿਹਾ ਕਿ ਜੱਚਾ ਬੱਚਾ ਸਿਹਤ ਸੁਧਾਰਨ ਲਈ ਮੁਕੰਮਲ ਟੀਕਾਕਰਨ ਕੀਤਾ ਜਾਵੇ।ਡਾ: ਸੰਜੇ ਕਾਮਰਾ ਨੇ ਸਮੂਹ ਸਟਾਫ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪੋ ਆਪਣੀ ਡਿਊਟੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣੀ ਯਕੀਨੀ ਬਣਾਉਣ ਅਤੇ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਨਾਲ ਆਪਣਾ ਵਿਵਹਾਰ ਚੰਗਾ ਰੱਖਣ ਤੇ ਸਰਕਾਰ ਆਮ ਲੋਕਾਂ ਲਈ ਉਪਲਬਧ ਸਾਰੀਆਂ ਸਿਹਤ ਸਹੂਲਤਾਂ ਉਹਨਾਂ ਨੂੰ ਪ੍ਰਦਾਨ ਕਰਨੀਆਂ ਯਕੀਨੀ ਬਣਾਉਣ।ਇਸ ਮੌਕੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਲਵਰਾਜ ਪਵਾਰ, ਜਿਲਾ ਸਮੂਹ ਸਿੱਖਿਆ ਅਫਸਰ ਕਰਨੈਲ ਸਿੰਘ ਸਮੇਤ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸਨ।

ਸੀ ਜੀ ਐੱਮ ਕਾਲਜ ਦੇ ਵਿਸ਼ਵਜੀਤ ਸਿੰਘ ਤੇ ਰਜਨਜੋਤ ਕੌਰ ਬਣੇ ਬੈਸਟ ਐਥਲੀਟ

ਮਲੋਟ (ਗੁਰਮੀਤ ਸਿੰਘ ਮੱਕੜ)-ਸੀ ਜੀ ਐਮ ਕਾਲਜ ਮੋਹਲਾਂ ਵਿਖੇ ਚੱਲ ਰਹੀ 13ਵੀਂ ਐਥਲੈਟਿਕ ਮੀਟ ਸਮਾਪਤ ਹੋ ਗਈ। ਐਥਲੈਟਿਕ ਮੀਟ ਵਿੱਚ ਕਰੀਬ 400 ਵਿਦਿਆਰਥੀਆਂ ਨੇ ਭਾਗ ਲਿਆ। ਐਥਲੈਟਿਕ ਮੀਟ ਵਿੱਚ ਡੀ ਐਸ ਪੀ ਮਲੋਟ ਸ. ਇਕਬਾਲ ਸਿੰਘ ਸੰਧੂ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ ਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਐਥਲੈਟਿਕ ਮੀਟ ਵਿੱਚ ਲੜਕਿਆਂ ਵਿੱਚੋਂ ਵਿਦਿਆਰਥੀ ਵਿਸ਼ਵਜੀਤ ਸਿੰਘ ਅਤੇ ਲੜਕੀਆਂ ਵਿੱਚੋਂ ਵਿਦਿਆਰਥਣ ਰਜਨਜੋਤ ਕੌਰ ਨੂੰ ਬੈਸਟ ਐਥਲੀਟ ਵੱਜੋਂ ਚੁਣਿਆ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਸਤਪਾਲ ਮੋਹਲਾਂ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਕਾਲਜ ਪ੍ਰਿੰਸੀਪਲ ਬਲਜੀਤ ਸਿੰਘ ਗਿੱਲ ਨੇ ਮੁੱਖ ਮਹਿਮਾਨ ਤੇ ਹੋਰਨਾਂ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਮੰਚ-ਸੰਚਾਲਕ ਦੀ ਭੂਮਿਕਾ ਪ੍ਰੋ. ਸੁਮਨ ਗਾਂਧੀ ਅਤੇ ਪ੍ਰੋ. ਗਗਨਦੀਪ ਸਿੰਘ ਨੇ ਨਿਭਾਈ। ਕਾਲਜ ਮੈਨੇਜਮੈਂਟ ਕਮੇਟੀ ਦੇ ਮੈਂਬਰ ਨਵਜੀਤ ਸਿੰਘ ਮੋਹਲਾਂ, ਜਗਤਾਰ ਸਿੰਘ ਬਰਾੜ, ਰਾਜ ਕੁਮਾਰ ਨੇ ਵੀ ਵਿਦਿਆਰਥੀਆਂ ਨੂੰ ਵੱਧ ਚੜ੍ਹ ਕੇ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮਾਜ ਸੇਵੀ ਮਾਸਟਰ ਹਿੰਮਤ ਸਿੰਘ, ਰਿਟਾਇਰ ਪ੍ਰਿੰਸੀਪਲ ਕੁਲਵਿੰਦਰ ਸਿੰਘ ਅਤੇ ਸਰਪੰਚ ਹਰਮਨਪ੍ਰੀਤ ਸਿੰਘ ਪਿੰਡ ਮੋਹਲਾਂ ਤੇ ਜਸਪਾਲ ਸਿੰਘ ਸੰਧੂ, ਯਾਦਵਿੰਦਰ ਸੰਧੂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਅਥਲੈਟਿਕ ਮੀਟ ਦਾ ਪ੍ਰਬੰਧ ਸਰੀਰਕ ਸਿੱਖਿਆ ਦੇ ਅਧਿਆਪਕ ਪ੍ਰੋ. ਪਵਨਪ੍ਰੀਤ ਸਿੰਘ, ਪ੍ਰੋ. ਝਿੱਕੀਪਾਲ ਤੇ ਓਵੀਸ਼ੀਅਲ ਨਿਰਭੈ ਸਿੰਘ ਤੇ ਅਜੇ ਕੁਮਾਰ ਨੇ ਕੀਤਾ। ਇਸ ਤੋਂ ਇਲਾਵਾ ਪ੍ਰੋ. ਨਿਰਮਲ ਕੌਰ, ਪ੍ਰੋ. ਜਰਮਨਬੀਰ ਸਿੰਘ, ਪ੍ਰੋ. ਪਵਨਦੀਪ ਕੌਰ, ਪ੍ਰੋ.ਸਤਵੀਰ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਪ੍ਰਿਅਕਾ ਰਾਣੀ, ਪ੍ਰੋ. ਗੁਰਨੇਕ ਸਿੰਘ ਦੇ ਨਾਲ ਨਾਨ-ਟੀਚਿੰਗ ਵਿਭਾਗ ਵਿੱਚ ਸੁਪਰਡੈਂਟ ਅਵਤਾਰ ਸਿੰਘ, ਸਰਬਜੀਤ ਕੋਰ, ਸੁਰਿੰਦਰਪਾਲ ਸਿੰਘ, ਰਣਜੋਧਨ ਸਿੰਘ, ਬਾਲਚੰਦ ਅਤੇ ਸਮੂਹ ਸਟਾਫ ਨੇ ਪੂਰਾ ਯੋਗਦਾਨ ਪਾਇਆ।

ਦਸਤਾਰ ਚੇਤਨਾ ਮਾਰਚ ਕਮੇਟੀ ਵੱਲੋਂ ਕਿਰਦਾਰ-ਏ-ਦਸਤਾਰ ਦਾ ਪੋਸਟਰ ਰਿਲੀਜ਼

ਮੋਗਾ (ਇਕਬਾਲ ਸਿੰਘ ਖਹਿਰਾ)-ਗੁਰਦੁਆਰਾ ਸ੍ਰੀ ਨਾਮਦੇਵ ਭਵਨ ਅਕਾਲਸਰ ਰੋਡ ਮੋਗਾ ਕਿਰਦਾਰ-ਏ-ਦਸਤਾਰ ਦਾ ਪੋਸਟਰ ਰਿਲੀਜ਼ ਕੀਤਾ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਹਰ ਸਾਲ ਦੀ ਤਰ੍ਹਾਂ ਦਸਤਾਰ ਚੇਤਨਾ ਮਾਰਚ ਕਮੇਟੀ ਮੋਗਾ ਵੱਲੋਂ ਦਸਤਾਰ-ਦੇ-ਪ੍ਰਚਾਰ ਪ੍ਰਸਾਰ ਲਈ ਕੀਤੇ ਜਾਂਦੇ ਕਾਰਜਾਂ ਦੀ ਲੜੀ ਤਹਿਤ ਇਸ ਵਾਰ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ 12ਵਾਂ ਦਸਤਾਰ ਚੇਤਨਾ ਸਮਾਰੋਹ ਕਿਰਦਾਰ-ਏ-ਦਸਤਾਰ ਕਰਵਾਇਆ ਜਾ ਰਿਹਾ ਹੈ, ਇਸ ਸਬੰਧੀ ਰਾਗੀ ਸੁਰਿੰਦਰ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ 12ਵਾਂ ਦਸਤਾਰ ਚੇਤਨਾ ਸਮਾਰੋਹ ਕਿਰਦਾਰ-ਏ-ਦਸਤਾਰ ਦਾ ਪੋਸਟਰ ਰਿਲੀਜ਼ ਕੀਤਾ ਗਿਆ।ਪ੍ਰਬੰਧਕ ਹਰਦਿਆਲ ਸਿੰਘ ਨੇ ਦੱਸਿਆ ਕਿ ਇਹ ਸਮਾਗਮ 12 ਅਪ੍ਰੈਲ 2025 ਨੂੰ ਸ਼ਾਮ 6.30 ਤੋਂ ਰਾਤ 10 ਵਜੇ ਤੱਕ ਐਵਰਗਰੀਨ ਪਾਰਕ ਗੋਧੇਵਾਲਾ ਵਿਖੇ ਹੋਵੇਗਾ।ਪ੍ਰਬੰਧਕ ਜਗਰੂਪ ਸਿੰਘ, ਕੁਲਵੰਤ ਸਿੰਘ ਨੇ ਜਾਣਕਾਰੀ ਦਿੱਤੀ ਕਿ ਓਪਨ ਦਸਤਾਰ ਮੁਕਾਬਲੇ, ਗੱਤਕਾ ਪ੍ਰਦਰਸ਼ਨੀ, ਧਾਰਮਿਕ ਨਾਟਕ, ਕੋਰੀਓਗਰਾਫੀ, ਗੁਰਸਿੱਖ ਮਾਡਲਿੰਗ, ਸਾਬਤ ਸੂਰਤ ਐਕਟਰ ਤੇ ਇਤਹਾਸਕ ਪ੍ਰਦਰਸ਼ਨੀਆਂ ਦੇਖਣਯੋਗ ਹੋਣਗੀਆਂ।ਪੋਸਟਰ ਰਿਲੀਜ਼ ਕਰਨ ਮੌਕੇ ਗਿਆਨੀ ਸਤਨਾਮ ਸਿੰਘ ਜੀ ਜਨੇਰ ਟਕਸਾਲ, ਮੇਅਰ ਬਲਜੀਤ ਸਿੰਘ ਚਾਨੀ, ਗੁਰਸੇਵਕ ਸਿੰਘ ਸੰਨਿਆਸੀ, ਗੁਰਪ੍ਰੀਤਮ ਸਿੰਘ ਚੀਮਾਂ, ਰਾਜਵੰਤ ਸਿੰਘ ਮਾਹਲਾ, ਹਰਜਿੰਦਰ ਸਿੰਘ ਹੈਪੀ ਕੈਨੇਡਾ, ਨਿਰਮਲ ਸਿੰਘ ਖੀਵਾ ਨੇ ਅਪਣੇ ਵਿਚਾਰ ਸਾਂਝੇ ਕੀਤੇ। ਸੇਵਾਵਾਂ ਨਿਭਾਉਣ ਵਾਲੇ ਮੈਂਬਰ ਰਣਵੀਰ ਸਿੰਘ ਮਿੰਟਾ, ਮਨਦੀਪ ਸਿੰਘ, ਰਹਿਤਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਨਵਕਰਨ ਸਿੰਘ, ਮਾਨਵਪ੍ਰੀਤ ਸਿੰਘ, ਸਰਬਜੋਤ ਸਿੰਘ, ਹਰਸ਼ਪ੍ਰੀਤ ਸਿੰਘ, ਜਸਲੀਨ ਸਿੰਘ, ਹਰਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਤ੍ਰਿਸ਼ਨਜੀਤ ਸਿੰਘ, ਜਤਿੰਦਰ ਸਿੰਘ ਆਦਿ ਹਾਜ਼ਰ ਸਨ।

ਹੋਲੀ ਹਾਰਟ ਸਕੂਲ ਵਿਖੇ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ।ਸ਼ਹੀਦ ਭਗਤ ਸਿੰਘ ਭਾਰਤ ਦਾ ਇੱਕ ਆਜ਼ਾਦੀ ਘੁਲਾਟੀਆ ਸੀ।ਭਗਤ ਸਿੰਘ ਨੂੰ 23 ਮਾਰਚ 1931 ਨੂੰ ਉਸ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਦੇ ਨਾਲ ਫਾਂਸੀ 'ਤੇ ਲਟਕਾ ਦਿੱਤਾ ਗਿਆ ਸੀ।ਸ਼ਹੀਦ ਭਗਤ ਸਿੰਘ ਨੇ ਸਮਾਜਿਕ, ਸਿਆਸੀ ਤੇ ਸੱਭਿਆਚਾਰਕ ਵਰਤਾਰਿਆਂ ਨੂੰ ਤਰਕਸ਼ੀਲ ਤਰੀਕੇ ਨਾਲ ਘੋਖਿਆਂ ਤੇ ਉਨ੍ਹਾਂ ਬਾਰੇ ਵਿਚਾਰ ਪ੍ਰਗਟਾਏ।ਇਸ ਮੌਕੇ ਸਕੂਲ ਵਿੱਚ ਬੱਚਿਆਂ ਨੇ ਦੇਸ਼ ਭਗਤੀ ਦੇ ਜਜ਼ਬੇ ਨੂੰ ਸਮਰਪਤ, ਧਾਰਮਿਕ ਗੀਤ ਤੇ ਕਵਿਤਾਵਾਂ ਵੀ ਪੇਸ਼ ਕੀਤੀਆਂ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਸਰਦਾਰ ਭਗਤ ਸਿੰਘ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਸਾਡੀ ਦੇਸ਼ ਦੀ ਆਜ਼ਾਦੀ ਵਿੱਚ ਜੋ ਯੋਗਦਾਨ ਪਾਇਆ ਹੈ, ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

2027 'ਚ ਕਾਂਗਰਸ ਦੀ ਸਰਕਾਰ ਬਣਨਾ ਲੱਗਭੱਗ ਤੈਅ : ਕਾਂਗੜ

ਬਠਿੰਡਾ (ਰਾਜੀਵ ਗੋਇਲ)-ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਸਰਕਾਰ ਬਣਨਾ ਲਗਪਗ ਤੈਅ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਕੱਦਾਵਰ ਆਗੂ ਤੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਇੱਕ ਵਿਸ਼ੇਸ਼ ਗੱਲਬਾਤ ਦਰਮਿਆਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਕਾਨੂੰਨ ਵਿਵਸਥਾ ਦੀ ਵਿਗੜਦੀ ਹਾਲਤ ਨੇ ਆਮ ਲੋਕਾਂ ਦੇ ਨੱਕ ਵਿੱਚ ਦਮ ਕਰਕੇ ਰੱਖ ਦਿੱਤਾ ਹੈ। ਅੱਜ ਸੂਬੇ ਦੇ ਲੋਕ ਬਾਹਰ ਤਾਂ ਕੀ, ਆਪਣੇ ਘਰਾਂ ਵਿੱਚ ਵੀ ਸੁਰੱਖਿਅਤ ਨਹੀਂ ਹਨ। ਅੱਜ ਹਰ ਕੋਈ ਨਾਗਰਿਕ ਚਾਹੇ ਉਹ ਨੌਜਵਾਨ ਹੋਵੇ ਜਾਂ ਚਾਹੇ ਕੋਈ ਔਰਤ, ਆਪਣੇ ਘਰ ਤੋਂ ਬਾਹਰ ਨਿਕਲਣ ਲੱਗਿਆਂ ਸੌ ਵਾਰ ਸੋਚਦੇ ਹਨ ਕਿ ਕੀ ਉਹ ਸ਼ਾਮ ਨੂੰ ਆਪਣੇ ਘਰ ਸਹੀ ਸਲਾਮਤ ਵਾਪਸ ਪਰਤਣਗੇ ਜਾਂ ਨਹੀਂ। ਆਏ ਦਿਨ ਵਾਪਰ ਰਹੀਆਂ ਲੁੱਟ-ਖੋਹ ਦੀਆਂ ਘਟਨਾਵਾਂ ਤੇ ਹੋ ਰਹੇ ਕਾਤਲਾਨਾ ਹਮਲਿਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਇਸ ਮੌਕੇ ਉਨ੍ਹਾਂ ਨਾਲ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਅਮਨਦੀਪ ਸਿੰਘ ਸਰਪੰਚ ਸਲਾਬਤਪੁਰਾ, ਜਸਮੀਤ ਸਿੰਘ ਬਰਾੜ, ਪਰਮਜੀਤ ਸਿੰਘ ਬਿਦਰ, ਲਖਵੀਰ ਸਿੰਘ ਸ਼ਾਮਲ ਸਨ।

ਡਿਫਾਲਟਰ ਖਪਤਕਾਰ ਦਾ ਬਿਜਲੀ ਕੁਨੈਕਸ਼ਨ ਕੱਟਣ ਗਏ ਮੁਲਾਜ਼ਮ ਨਾਲ ਬਦਸਲੂਕੀ

ਥਾਣਾ ਵਿਖੇ ਸ਼ਿਕਾਇਤ ਦਰਜ ਕਰਵਾਉਣ ਪੁੱਜੇ ਬਿਜਲੀ ਕਾਮੇ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਬ ਡਵੀਜ਼ਨ ਮਾਛੀਵਾੜਾ ਵਿਖੇ ਤਾਇਨਾਤ ਇੱਕ ਬਿਜਲੀ ਕਾਮਾ ਜਦੋਂ ਨੇੜਲੇ ਪਿੰਡ ਕਾਉਂਕੇ ਵਿਖੇ ਇੱਕ ਡਿਫਾਲਟਰ ਖਪਤਕਾਰ ਦਾ ਬਿਜਲੀ ਕੁਨੈਕਸ਼ਨ ਕੱਟਣ ਗਿਆ ਤਾਂ ਉਸ ਨਾਲ ਬਦਸਲੂਕੀ ਕੀਤੀ ਗਈ, ਜਿਸ ਸਬੰਧੀ ਮਾਛੀਵਾੜਾ ਥਾਣਾ ਵਿਖੇ ਸ਼ਿਕਾਇਤ ਦਿੱਤੀ ਗਈ ਹੈ। ਬਿਜਲੀ ਦਫ਼ਤਰ ਵਿਖੇ ਤਾਇਨਾਤ ਬਿਜਲੀ ਕਾਮੇ ਗੁਰਮੇਲ ਸਿੰਘ, ਗੁਰਵਿੰਦਰ ਸਿੰਘ, ਗੁਰਦਰਸ਼ਨ ਸਿੰਘ ਤੇ ਤਰਸੇਮ ਸਿੰਘ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ 'ਤੇ ਡਿਫਾਲਟਰ ਖਪਤਕਾਰਾਂ ਦੇ ਬਿਜਲੀ ਕੁਨੈਕਸ਼ਨ ਕੱਟਣ ਲਈ ਪਿੰਡ ਕਾਉਂਕੇ ਵਿਖੇ ਗਏ। ਇਨ੍ਹਾਂ ਬਿਜਲੀ ਕਾਮਿਆਂ ਨਾਲ ਪੁਲਸ ਥਾਣਾ ਵਿਖੇ ਸ਼ਿਕਾਇਤ ਦਰਜ ਕਰਵਾਉਣ ਪਹੁੰਚੇ ਜੂਨੀਅਰ ਇੰਜਨੀਅਰ ਗੁਰਚਰਨ ਸਿੰਘ ਨੇ ਦੱਸਿਆ ਕਿ ਇਹ ਬਿਜਲੀ ਕਾਮੇ ਘਰੇਲੂ ਖਪਤਕਾਰ ਖਾਤਾ ਨੰਬਰ 3007384773 ਦਾ 17,700 ਰੁਪਏ ਬਿਜਲੀ ਬਿੱਲ ਬਕਾਇਆ ਦੀ ਵਸੂਲੀ ਲਈ ਗਏ ਤਾਂ ਉੱਥੇ ਇੱਕ ਵਿਅਕਤੀ ਰੇਸ਼ਮ ਸਿੰਘ ਨੇ ਇਨ੍ਹਾਂ ਕਾਮਿਆਂ ਨਾਲ ਬਦਸਲੂਕੀ ਕੀਤੀ। ਬਿਜਲੀ ਕਾਮੇ ਗੁਰਮੇਲ ਸਿੰਘ ਨੇ ਦੱਸਿਆ ਕਿ ਜਦੋਂ ਉਹ ਬਿੱਲ ਦੀ ਅਦਾਇਗੀ ਨਾ ਹੋਣ ਕਾਰਨ ਮੀਟਰਾਂ ਵਾਲਾ ਬਕਸਾ ਖੋਲ੍ਹ ਕੇ ਕੁਨੈਕਸ਼ਨ ਕੱਟਣ ਲੱਗਾ ਤਾਂ ਰੇਸ਼ਮ ਸਿੰਘ ਨੇ ਉਪਰੋਂ ਆ ਕੇ ਬਕਸੇ ਵਿੱਚ ਲੱਤ ਮਾਰੀ ਤੇ ਧਮਕੀਆਂ ਦੇਣ ਲੱਗ ਪਿਆ। ਬਿਜਲੀ ਕਾਮੇ ਗੁਰਮੇਲ ਸਿੰਘ ਨੇ ਦੱਸਿਆ ਕਿ ਜੇਕਰ ਲੱਤ ਮਾਰਨ ਕਾਰਨ ਉਸ ਦਾ ਮੂੰਹ ਬਿਜਲੀ ਬਕਸੇ

24 Mar Page-8.qxd 3/23/2025 10:17 PM Page 1

ਸੜਕ ਹਾਦਸੇ 'ਚ ਔਰਤ ਦੀ ਮੌਤ

ਕਪੂਰਥਲਾ (ਮਨਜੀਤ ਮਾਨ)- ਜੀ.ਟੀ ਰੋਡ ਬੱਸ ਅੱਡਾ ਢਿੱਲਵਾਂ ਨਜ਼ਦੀਕ ਵਾਪਰੇ ਇਕ ਸੜਕ ਹਾਦਸੇ ਦੌਰਾਨ ਇਕ ਔਰਤ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਏ ਐਸ ਆਈ ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਬੱਸ ਅੱਡਾ ਢਿੱਲਵਾਂ ਨਜ਼ਦੀਕ ਜੀ ਟੀ ਰੋਡ 'ਤੇ ਸੜਕ ਹਾਦਸੇ ਬਾਰੇ ਸੂਚਨਾ ਮਿਲੀ ਸੀ ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਉਹ ਘਟਨਾ ਸਥਾਨ 'ਤੇ ਪੁੱਜੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇੱਕ ਟਰੱਕ ਦੀ ਲਪੇਟ 'ਚ ਆਉਣ ਨਾਲ ਔਰਤ ਦੀ ਮੌਤ ਹੋ ਗਈ ਹੈ ਤੇ ਟਰੱਕ ਚਾਲਕ ਜਲੰਧਰ ਦੀ ਤਰਫ਼ ਗਿਆ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਤੁਰੰਤ ਸਾਥੀ ਕਰਮਚਾਰੀਆਂ ਨਾਲ ਟਰੱਕ ਦਾ ਪਿੱਛਾ ਕਰਦੇ ਹੋਏ ਉਸ ਨੂੰ ਆਰਮੀ ਸਕੂਲ ਗੁਡਾਨਾ ਵਿਖੇ ਕਾਬੂ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਟਰੱਕ ਚਾਲਕ ਦੀ ਪਹਿਚਾਣ ਰਾਹੁਲ ਸਿੰਘ ਵਾਸੀ ਪਿੰਡ ਖਹਿਰਾ ਕੋਟਲੀ ਜਿਲ੍ਹਾ ਗੁਰਦਾਸਪੁਰ ਤੇ ਕੰਡਕਟਰ ਜੋਬਨਪ੍ਰੀਤ ਸਿੰਘ ਵਾਸੀ ਧਲੋਰੀਆ ਜਿਲ੍ਹਾ ਪਠਾਨਕੋਟ ਵਜੋਂ ਹੋਈ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਔਰਤ ਪਾਸੋਂ ਕੋਈ ਪਹਿਚਾਣ ਪੱਤਰ ਬਰਾਮਦ ਨਹੀਂ ਹੋਇਆ।ਇਸ ਸੰਬੰਧੀ ਥਾਣਾ ਢਿੱਲਵਾਂ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ ।

'ਸਰਕਾਰ ਮਿਡ ਡੇ ਮੀਲ ਤੇ ਆਸ਼ਾ ਵਰਕਰਾਂ ਦੇ ਮਿਹਨਤਾਨੇ 'ਚ ਵਾਧਾ ਕਰੇ'

ਗੜਸ਼ੰਕਰ (ਫੂਲਾ ਸਿੰਘ ਬੀਰਮਪੁਰ) ਮਿਡ-ਡੇ-ਮੀਲ ਮੀਲ ਵਰਕਰ ਯੂਨੀਅਨ ਅਤੇ ਡੈਮੋਕ੍ਰੈਟਿਕ ਆਸ਼ਾ ਅਤੇ ਫੈਸੀਲੀਟੇਟਰ ਯੂਨੀਅਨ ਵੱਲੋਂ ਬਜਟ ਸ਼ੈਸ਼ਨ ਵਿੱਚ ਮਿਹਨਤਾਨੇ ਵਿੱਚ ਵਾਧਾ ਕਰਨ ਦੀ ਮੰਗ ਕੀਤੀ ਹੈ। ਮਿਡ-ਡੇ-ਮੀਲ ਵਰਕਰ ਯੂਨੀਅਨ ਦੀ ਆਗੂਆ ਬਲਵਿੰਦਰ ਕੌਰ, ਕਮਲਜੀਤ ਕੌਰ, ਡੈਮੋਕ੍ਰੈਟਿਕ ਆਸ਼ਾ ਵਰਕਰ ਯੂਨੀਅਨ ਦੀਆ ਆਗੂਆਂ ਸ਼ੁਸਮਾ, ਕਿਰਨ ਬਾਲਾ, ਬੇਬੀ ਤੇ ਰਾਵਲ ਕੌਰ ਅਤੇ ਡੀ ਐਮ ਐਫ ਆਗੂਆ ਹੰਸ ਰਾਜ ਗੜ੍ਹਸ਼ੰਕਰ, ਸਤਪਾਲ ਕਲੇਰ ਨੇ ਕਿਹਾ ਕਿ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਉਸ ਸਮੇ ਦੀ ਮੁੱਖ ਵਿਰੋਧੀ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵੱਖ ਵੱਖ ਵਰਗਾਂ ਨਾਲ ਉਹਨਾਂ ਦੀਆਂ ਮੰਗਾਂ ਸਬੰਧੀ ਵਾਅਦੇ ਕੀਤੇ ਸਨ। ਇਸੇ ਤਰ੍ਹਾਂ ਉਸ ਸਮੇਂ ਦੇ ਆਮ ਆਦਮੀ ਪਾਰਟੀ ਦੇ ਆਗੂਆਂ 'ਤੇ ਭਗਵੰਤ ਮਾਨ ਨੇ ਮਾਣ ਭੱਤਾ ਵਰਕਰਾਂ ਨਾਲ ਵੀ ਵਾਅਦਾ ਕੀਤਾ ਸੀ ਕਿ ਸਰਕਾਰ ਬਣਦਿਆਂ ਸਾਰ ਹੀ ਮਿਡ ਡੇਅ ਮੀਲ ਵਰਕਰਾਂ ਨੂੰ ਮਿਲਦਾ ਮਾਣ ਭੱਤਾ ਤਿੰਨ ਹਜ਼ਾਰ ਤੋਂ ਵਧਾ ਕੇ ਛੇ ਹਜ਼ਾਰ ਕਰ ਦਿੱਤਾ ਜਾਵੇਗਾ ਪਰ ਤਿੰਨ ਸਾਲ ਬੀਤਣ ਦੇ ਬਾਵਜੂਦ ਸਰਕਾਰ ਨੇ ਕੋਈ ਵੀ ਸਾਰ ਨਹੀਂ ਲਈ। ਆਗੂਆਂ ਨੇ ਮੰਗ ਕੀਤੀ ਕਿ ਇਸ ਮਹਿੰਗਾਈ ਦੇ ਦੌਰ ਵਿੱਚ ਗੁਜ਼ਾਰਾ ਕਰਨਾ ਬਹੁਤ ਔਖਾ ਹੈ ਤੇ ਮਾਣ ਭੱਤਾ ਵਰਕਰਾਂ 'ਤੇ ਘੱਟੋ ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕਰਕੇ ਮਾਣ ਭੱਤਾ ਅਠਾਰਾਂ ਹਜ਼ਾਰ ਰੁਪਏ ਕੀਤਾ ਜਾਵੇ। ਸਾਲ ਵਿੱਚ ਦੋ ਰੁੱਤਾਂ ਅਨੁਸਾਰ ਦੋ ਤਰ੍ਹਾਂ ਦੀਆਂ ਵਰਦੀਆਂ ਦਿੱਤੀਆਂ ਜਾਣ, ਹਰ ਵਰਕਰ ਦਾ ਪੰਜ ਲੱਖ ਦਾ ਬੀਮਾ ਮੁਫ਼ਤ ਕੀਤਾ ਜਾਵੇ।ਮਾਣ ਭੱਤਾ ਵਰਕਰਾਂ ਵੱਲੋਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਨੂੰ ਜਲਦੀ ਹੀ ਨਾ ਮੰਨੀਆ ਤਾਂ ਉਹਨਾਂ ਦੀ ਜੱਥੇਬੰਦੀ ਪੰਜਾਬ ਪੱਧਰ ਤੇ ਸੰਘਰਸ਼ ਕਰਨ ਲਈ ਮਜ਼ਬੂਰ ਹੋਵੇਗੀ।

ਬਸਪਾ ਨੇ ਖਟਕੜ ਕਲਾਂ 'ਚ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਕੇ 'ਪੰਜਾਬ ਸੰਭਾਲੋ' ਮੁਹਿੰਮ ਕੀਤੀ ਸ਼ੁਰੂ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ, ਵਿਧਾਇਕ ਡਾ. ਨਛੱਤਰ ਪਾਲ ਇੰਚਾਰਜ ਬਸਪਾ ਪੰਜਾਬ ਨੇ ਭਾਰੀ ਗਿਣਤੀ ਵਿੱਚ ਹਾਜ਼ਰ ਬਸਪਾ ਆਗੂਆਂ ਨਾਲ ਖਟਕੜ ਕਲਾਂ ਪਹੁੰਚਕੇ ਭਾਰਤ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਕੁਰਬਾਨੀ ਨੂੰ ਯਾਦ ਕੀਤਾ।ਇਸ ਮੌਕੇ ਬਸਪਾ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੀ ਹੈ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਪੰਜਾਬ ਬਣਾਉਣ ਲਈ ਪੰਜਾਬ ਸੰਭਾਲੋ ਮੁਹਿੰਮ ਨੂੰ ਘਰ-ਘਰ ਪਹੁੰਚਾ ਕੇ ਪੰਜਾਬ ਵਿੱਚੋਂ ਨਸ਼ਿਆਂ, ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ ਅਤੇ ਕਿਸਾਨਾਂ ਮਜ਼ਦੂਰਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਖਤਮ ਕਰਨ ਦਾ ਸੰਕਲਪ ਲੈਂਦੀ ਹੈ।ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਵੱਲੋਂ ਫਲੈਕਸ ਬੋਰਡਾਂ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਦੇ ਫੋਟੋ ਨੂੰ ਗਾਇਬ ਕਰਨ ਦੇ ਫੈਂਸਲੇ 'ਤੇ ਦੁੱਖ ਪ੍ਰਗਟ ਕਰਦਿਆਂ ਕਰੀਮਪੁਰੀ ਨੇ ਕਿਹਾ ਬਸਪਾ ਸਰਕਾਰ ਦੇ ਇਸ ਦੋਗਲੇਪਨ ਅਤੇ ਘਟੀਆ ਸੋਚ ਦੀ ਨਿੰਦਾ ਕਰਦੀ ਹੈ।ਉਨ੍ਹਾਂ ਕਿਹਾ ਆਪ ਨੇ ਪਹਿਲਾਂ ਚੋਣਾਂ ਸਮੇਂ ਡਾ. ਅੰਬੇਡਕਰ ਦੀ ਫੋਟੋ ਨੂੰ ਆਪਣੇ ਸਵਾਰਥ ਲਈ ਵਰਤਕੇ ਲੋਕਾਂ ਨੂੰ ਗੁੰਮਰਾਹ ਕੀਤਾ ਅਤੇ ਬਾਅਦ ਵਿੱਚ ਉਤਾਰ ਕੇ ਬਹੁਜਨ ਸਮਾਜ ਦਾ ਅਪਮਾਨ ਕੀਤਾ ਹੈ।ਇਸ ਮੌਕੇ ਵਿਧਾਇਕ ਡਾ. ਨਛੱਤਰ ਪਾਲ ਨੇ ਕਿਹਾ ਕਿ ਡਾ. ਅੰਬੇਡਕਰ ਨੇ ਕਿਹਾ ਸੀ ਕਿ ਆਜ਼ਾਦੀ ਦਾ ਮਤਲਬ ਸਿਰਫ ਵੋਟਾਂ ਪਾਣ ਤੱਕ ਹੀ ਨਹੀਂ ਆਜ਼ਾਦੀ ਦਾ ਮਤਲਬ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਆਜ਼ਾਦੀ ਹੈ, ਆਓ ਸੰਪੂਰਨ ਆਜ਼ਾਦੀ ਦੇ ਮਕਸਦ ਦੇ ਲਈ ਬਹੁਜਨ ਸਮਾਜ ਪਾਰਟੀ ਦੀ 'ਪੰਜਾਬ ਸੰਭਾਲੋ' ਮਹਿਮ ਦਾ ਹਿੱਸਾ ਬਣੀਏ ਅਤੇ ਦੇਸ਼ ਦੇ ਸ਼ਹੀਦਾਂ ਅਤੇ ਬਾਬਾ ਸਾਹਿਬ ਡਾ. ਅੰਬੇਡਕਰ, ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆਂ ਨੂੰ ਪੂਰਾ ਕਰੀਏ। ਇਸ ਮੌਕੇ ਪਰਵੀਨ ਬੰਗਾ ਸਟੇਟ ਲੁਧਿਆਣਾ ਜ਼ੋਨ ਇਨਚਾਰਜ, ਜਿਲਾ ਪ੍ਰਧਾਨ ਸਰਬਜੀਤ ਸਿੰਘ ਜਾਫਰਪੁਰ, ਮਿਸ਼ਨਰੀ ਗਾਇਕ ਰੂਪ ਲਾਲ ਧੀਰ, ਰਾਜ ਦਦਰਾਲ, ਮਨੋਹਰ ਕਮਾਮ, ਭੁਪਿੰਦਰ ਬੇਗਮਪੁਰੀ, ਦਿਲਬਾਗ ਮਹਿੰਦੀਪਰ, ਬੀਬੀ ਰਵਿੰਦਰ ਮਹਿਮੀ ਅਤੇ ਇਸ ਤੋਂ ਇਲਾਵਾ ਪਾਰਟੀ ਦੇ ਹੋਰ ਵਰਕਰ ਆਗੂ ਵੀ ਮੌਜੂਦ ਸਨ।

ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਹਮਲੇ ਨਿੰਦਣਯੋਗ : ਸੁਰਿੰਦਰ ਜਾਜਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ)- ਪੰਜਾਬ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਗਏ ਹਮਲੇ ਅਤੇ ਬੀਤੇ ਦਿਨੀ ਪਟਿਆਲਾ ਵਿਖੇ ਇੱਕ ਰਿਟਾ: ਕਰਨਲ ਪੁਸ਼ਪਿੰਦਰ ਸਿੰਘ ਨਾਲ ਪੁਲਸ ਵੱਲੋਂ ਕੀਤੀ ਗਈ ਕੁੱਟਮਾਰ ਦੀ ਨਿਖੇਦੀ ਕਰਨ ਅਤੇ ਨਵੀਂ ਰਣਨੀਤੀ ਸੰਬੰਧੀ ਵਿਚਾਰ ਵਿਟਾਂਦਰਾ ਕਰਨ ਲਈ ਭਾਜਪਾ ਪੰਜਾਬ ਕਾਰਯਕਾਰਨੀ ਮੈਂਬਰ ਸੁਰਿੰਦਰ ਜਾਜਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਓ ਬੀ ਸੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਬੋਬੀ ਰਾਜਪੁਰ, ਵੀਨੂ ਪੰਡਤ, ਸੰਦੀਪ ਖੰਨਾ, ਸੁਰਜੀਤ ਰਾਜਾ, ਗੁਰਮੀਤ ਗੋਗੋ, ਸਤਨਾਮ ਸਿੰਘ, ਮੰਨੂ ਠਾਕੁਰ, ਅਸ਼ਵਨੀ ਕੁਮਾਰ ਅਤੇ ਹੋਰ ਵਰਕਰ ਹਾਜ਼ਰ ਸਨ। ਇਕੱਠ ਨੂੰ ਸੰਬੋਧਨ ਕਰਦੇ ਹੋਏ ਸੁਰਿੰਦਰ ਜਾਜਾ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਨੇ 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਦੇ ਕੇ ਕਿਹਾ ਸੀ ਕਿ ਜਿਸ ਦੇਸ਼ ਦੇ ਜਵਾਨ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਸਰਹੱਦਾਂ 'ਤੇ ਡਿਊਟੀਆਂ ਦਿੰਦੇ ਹਨ ਉਸ ਦੇਸ਼ 'ਤੇ ਕੋਈ ਵੀ ਦੂਸਰਾ ਦੇਸ਼ ਹਮਲਾ ਨਹੀਂ ਕਰਦਾ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੇ ਪੁਲਸ ਪ੍ਰਸ਼ਾਸਨ ਨੇ ਇੱਕ ਫੌਜੀ ਕਰਨਲ ਦੀ ਕੁੱਟਮਾਰ ਕਰਕੇ ਜੋ ਤਸ਼ੱਦਦ ਢਾਇਆ ਹੈ ਉਹ ਨਾ ਬਰਦਾਸ਼ਤ ਦੇ ਕਾਬਿਲ ਹੈ ਅਤੇ ਭਾਜਪਾ ਅਜਿਹੀਆਂ ਘਿਨੌਨੀਆਂ ਹਰਕਤਾਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਕਿਸਾਨਾਂ ਤੇ ਜਿਸ ਤਰ੍ਹਾਂ ਜ਼ੁਲਮ ਢਾਏ ਹਨ ਅਤੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਹੈ ਇਸ ਤੋਂ ਇਵੇਂ ਜਾਪਦਾ ਹੈ ਜਿਵੇਂ ਪੰਜਾਬ ਵਿੱਚ ਮੁਗ਼ਲ ਰਾਜ ਆ ਗਿਆ ਹੈ।ਇਸ ਮੌਕੇ ਭਾਜਪਾ ਵਰਕਰਾਂ ਨੇ ਸਰਕਾਰ ਖਿਲਾਫ ਰੋਸ ਦਾ ਪ੍ਰਗਟਾਵਾ ਕੀਤਾ।

'ਆਪ' ਸਰਕਾਰ ਨੇ ਕਹਾਰਪੁਰ 'ਚ ਲਿਆਂਦੀ ਵਿਕਾਸ ਦੀ ਹਨੇਰੀ : ਕਹਾਰਪੁਰੀ

ਮਾਹਿਲਪੁਰ (ਸਫ਼ਰੀ) - ਵਿਧਾਨ ਸਭਾ ਹਲਕਾ ਚੱਬੇਵਾਲ ਦੇ ਨਵੇਂ ਬਣੇ ਹਲ਼ਕਾ ਵਿਧਾਇਕ ਇਸਾਂਕ ਕੁਮਾਰ ਨੇ ਪਿੰਡ ਨੂੰ ਪੀਣ ਵਾਲੇ ਪਾਣੀ ਦੇ ਟਿਊਬਲ ਨੂੰ ਚਾਲੂ ਕਰਨ ਲਈ ਪੰਜ ਲੱਖ ਰੁਪਏ ਦਾ ਚੈੱਕ ਦਿੱਤਾ ਅਤੇ ਪਿੰਡ ਕਹਾਰਪੁਰ ਦੀਆਂ ਗਲੀਆਂ ਵਿਚ ਬਲੌਕ ਲਾਉਣ ਲਈ ਤਿੰਨ ਲੱਖ ਰੁਪਏ ਦਾ ਚੈੱਕ ਦਿੱਤਾ। ਬਲਾਕ ਪ੍ਰਧਾਨ ਵਿੱਕੀ ਕਹਾਰਪੁਰੀ ਨੇ ਹਲਕਾ ਵਿਧਾਇਕ ਇਸਾਂਕ ਕੁਮਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਡਾ ਪਿੰਡ ਹਲਕਾ ਵਿਧਾਇਕ ਇਸਾਂਕ ਕੁਮਾਰ ਦੇ ਪਿਤਾ ਡਾ: ਰਾਜ ਕੁਮਾਰ ਨੇ ਪਹਿਲਾਂ ਵੀ ਇਸ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਤੇ ਹੁਣ ਉਹਨਾਂ ਦੇ ਬੇਟੇ ਇਸਾਂਕ ਕੁਮਾਰ ਨੇ ਵੀ ਹਲਕਾ ਚੱਬੇਵਾਲ ਵਿੱਚ ਵਿਕਾਸ ਦੀ ਹਨੇਰੀ ਲਿਆਂਦੀ ਪਈ ਹੈ।ਇਸ ਮੌਕੇ ਬਲੌਕ ਪ੍ਰਧਾਨ ਵਿੱਕੀ ਕਹਾਰਪੁਰ, ਰੈਂਪੀ ਸਰਪੰਚ, ਸਰਬਜੀਤ ਸਿੰਘ ਪੰਚ, ਰਣਜੀਤ ਕੋਰ ਪੰਚ, ਮਨਜਿੰਦਰ ਸਿੰਘ ਪੰਚ, ਜੀਵਨ ਲਾਲ ਪੰਚ, ਰਜਨੀ ਬਾਲਾ ਪੰਚ।ਰਾਜਵਿੰਦਰ ਕੌਰ, ਸਰਬਜੀਤ ਸਿੰਘ ਖਾਬੜਾ, ਗ੍ਰੰਥੀ ਮਨਪ੍ਰੀਤ ਸਿੰਘ, ਪਰਮਾਤਮਾ ਸਿੰਘ, ਹਰਦਿਆਲ ਸਿੰਘ, ਗਰਨਾਮ ਸਿੰਘ, ਪੰਡਤ ਹਰਮੇਸ਼ ਲਾਲ, ਸੁਬਮ ਘੁਮਿਆਲਾ, ਗਿਆਨ ਚੰਦ, ਬਿਮਲਾ, ਕਿਸ਼ਨ ਸਿੰਘ, ਸੁਰਜੀਤ ਸਿਤਾ, ਗੁਰਪਾਲ ਸਿੰਘ ਆਦਿ ਹਾਜ਼ਰ ਸਨ।

ਪੰਜਾਬ ਰੋਡਵੇਜ਼/ਪਨਬੱਸ ਮੁਲਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਵੱਲੋਂ 26 ਨੂੰ ਗੇਟ ਰੈਲੀਆਂ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਪੰਜਾਬ ਰੋਡਵੇਜ਼/ਪਨਬੱਸ ਮੁਲਾਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਅਹਿਮ ਮੀਟਿੰਗ ਜਲੰਧਰ ਵਿਖੇ ਹੋਈ।ਜਿਸ ਵਿੱਚ ਸਾਂਝੀ ਐਕਸ਼ਨ ਕਮੇਟੀ ਦੇ ਬੁਲਾਰਿਆਂ ਵੱਲੋਂ ਮੁਲਜਮਾ ਦੇ ਹਰ ਪਹਿਲੂ 'ਤੇ ਵਿਚਾਰ ਸਾਂਝੇ ਕੀਤੇ ਗਏ। ਨਵਾਂਸ਼ਹਿਰ ਤੋਂ ਬਿਕਰਮਜੀਤ ਸਿੰਘ, ਸਕੱਤਰ ਪ੍ਰਧਾਨ ਬਲਵੀਰ ਸਿੰਘ ਦਵਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਂਝੀ ਐਕਸ਼ਨ ਕਮੇਟੀ ਵੱਲੋਂ 02-01-25 ਨੂੰ ਟਰਾਂਸਪੋਰਟ ਮੰਤਰੀ, ਵਧੀਕ ਮੁੱਖ ਸਕੱਤਰ ਟਰਾਂਸਪੋਰਟ ਵਿਭਾਗ ਅਤੇ ਡਾਇਰੈਕਟਰ ਸਟੇਟ ਟਰਾਂਸਪੋਰਟ ਨਾਲ ਹੋਈ, ਜਿਸ ਵਿੱਚ ਰੋਡਵੇਜ਼ ਦੇ ਮੁਲਜਮਾ ਦੀਆਂ ਮੰਗਾਂ ਜਲਦ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ ਸੀ।ਲੱਗਭਗ 2 ਮਹੀਨੇ ਦਾ ਸਮਾਂ ਬੀਤ ਜਾਣ 'ਤੇ ਵੀ ਮੁਲਜ਼ਮਾਂ ਦੀਆ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ। ਸਾਂਝੀ ਐਕਸਨ ਕਮੇਟੀ ਵੱਲੋਂ ਕਰਜਾ ਮੁਕਤ ਬੱਸਾਂ ਨੂੰ ਸਟਾਫ ਸਮੇਤ ਪੰਜਾਬ ਰੋਡਵੇਜ਼ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਗਈ।ਸਰਕਾਰ ਵੱਲੋਂ ਔਰਤਾਂ ਸਮੇਤ ਹੋਰ ਕਈ ਕੈਟਾਗਰੀਆਂ ਨੂੰ ਫਰੀ ਸਫਰ ਦੀ ਸਹੂਲਤ ਦਿੱਤੀ ਗਈ ਹੈ ਪਰ ਬੱਸਾਂ ਦੀ ਨਫਰੀ ਘੱਟ ਹੋਣ ਕਰਕੇ ਔਰਤਾਂ ਸਮੇਤ ਬਾਕੀ ਲੋਕ ਵੀ ਪ੍ਰੇਸ਼ਾਨ ਹੋ ਰਹੇ ਹਨ। ਇਸ ਲਈ ਪੰਜਾਬ ਰੋਡਵੇਜ਼ ਦੇ ਬੇੜੇ ਵਿੱਚ ਨਵੀਂਆਂ ਬੱਸਾਂ ਪਾਈਆ ਜਾਣ।ਸਟਾਫ ਦੀ ਘਾਟ ਦੇ ਕਾਰਨ ਪੰਜਾਬ ਰੋਡਵੇਜ਼ ਦੇ ਰੋਜ਼ਾਨਾ ਤਕਰੀਬਨ 1.5 ਲੱਖ ਕਿਲੋਮੀਟਰ ਮਿਸ ਹੋ ਰਹੇ ਹਨ।ਕੱਚੇ ਕਾਮਿਆਂ ਨੂੰ ਪੱਕਾ ਕਰਨ ਦੀ ਸਰਕਾਰ ਦੀ ਨੀਅਤ ਨਹੀਂ ਹੈ ਇਸਦੇ ਉਲਟ ਸਰਕਾਰ ਪੰਜਾਬ ਰੋਡਵੇਜ਼ ਵਿੱਚ ਅਸਾਮੀਆਂ ਦੀ ਮੁੜ ਬਣਤਰ ਕਰਨ ਦੇ ਨਾਂਅ 'ਤੇ ਲਗਭਗ 3300 ਅਸਾਮੀਆਂ ਖਤਮ ਕਰਨ ਦੀ ਤਿਆਰੀ ਵਿੱਚ ਹੈ। ਸਾਂਝੀ ਐਕਸ਼ਨ ਕਮੇਟੀ ਮੰਗ ਕਰਦੀ ਹੈ ਇਹ ਕਿਲੋਮੀਟਰ ਸਕੀਮ ਬੱਸਾਂ ਨਾ ਪਾਈਆ ਜਾਣ।ਬੱਸਾਂ ਪੰਜਾਬ ਰੋਡਵੇਜ਼/ਪਨਬਸ ਵਿੱਚ ਹੀ ਪਾਈਆ ਜਾਣ ਜੋ ਕਿ ਵਿਭਾਗ ਦੇ ਹਿੱਤ ਵਿੱਚ ਹੋਣ।ਸਰਾਕਰ ਪੰਜਾਬ ਰੋਡਵੇਜ਼ ਵਿੱਚ ਬਾਹਰੀ ਕੰਪਨੀਆਂ ਰਾਹੀਂ ਭਰਤੀ ਬੰਦ ਕਰੇ, ਪੰਜਾਬ ਰੋਡਵੇਜ਼ 'ਚ ਕੰਟਰੈਕਟ ਤੇ ਸਾਲ 2015 ਦੌਰਾਨ ਭਰਤੀ ਕੀਤੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ ਅਤੇ ਅਉਟਸੋਰਸ ਤੇ ਭਰਤੀ ਕਾਮਿਆਂ ਨੂੰ ਕੰਟਰੈਕਟ ਤੇ ਲਿਆ ਜਾਵੇ।ਸਰਕਾਰ ਵੱਲੋਂ ਕਿਲੋਮੀਟਰ ਸਕੀਮ ਅਧੀਨ ਪਾਈਆ ਜਾਣ ਵਾਲੀਆਂ ਬੱਸਾਂ ਅਤੇ ਬਾਹਰੀ ਕੰਪਨੀਆਂ ਰਾਹੀਂ ਕੀਤੀ ਜਾਣ ਵਾਲੀ ਭਰਤੀ ਦੇ ਰੋਸ ਵਜੋਂ 26 ਮਾਰਚ ਨੂੰ ਸਮੂਹ ਡੀਪੂਆ ਵਿੱਚ ਗੇਟ ਰੈਲੀਆ ਕੀਤੀਆਂ ਜਾਣਗੀਆਂ।

ਜੋ ਕੁਝ ਆਦਿਵਾਸੀ ਖੇਤਰ 'ਚ ਹੋ ਰਿਹੈ ਕੱਲ੍ਹ ਪੰਜਾਬ ਦੀ ਵਾਰੀ ਹੋ ਸਕਦੀ : ਹਿਮਾਂਸ਼ੂ ਕੁਮਾਰ

ਬੰਗਾ (ਅਵਤਾਰ ਕਲੇਰ) ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਵੱਲੋਂ ਕਰਵਾਏ ਸਾਲਾਨਾ ਸਮਾਗਮ ਨੇ ਪੰਜਾਬ ਵਾਸੀਆਂ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅ

24 Mar Page-9.qxd 3/23/2025 10:15 PM Page 1

28 ਨੂੰ ਡਿਪਟੀ ਕਮਿਸ਼ਨਰ ਦਫ਼ਤਰ ਮੂਹਰੇ ਜਬਰ ਵਿਰੋਧੀ ਦਿਨ ਮਨਾਇਆ ਜਾਵੇਗਾ

ਨੰਗਲ : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ 28 ਮਾਰਚ ਨੂੰ ਜਬਰ ਵਿਰੋਧੀ ਦਿਨ ਵਜੋਂ ਡਿਪਟੀ ਕਮਿਸ਼ਨਰ ਦਫਤਰ ਮੂਹਰੇ ਧਰਨੇ ਮਾਰਨ 'ਤੇ ਦਿੱਤੇ ਸੱਦੇ ਤਹਿਤ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ ਦੀ ਅਗਵਾਈ ਹੇਠ ਬੇਲਾ ਪੱਤੀ ਟੇਕ ਸਿੰਘ, ਬੇਲਾ ਰਾਮਗੜ੍ਹ ਵਿਖੇ ਕਿਸਾਨਾਂ ਦੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ।

ਇਹਨਾਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਸੁਰਜੀਤ ਢੇਰ ਨੇ ਕਿਹਾ ਪੰਜਾਬ ਸਰਕਾਰ ਦੇ ਕਿਸਾਨ ਲਹਿਰ ਵਿਰੁੱਧ ਕੀਤੇ ਜਾ ਰਹੇ ਜਬਰ ਦੇ ਵਿਰੋਧ 28 ਮਾਰਚ ਨੂੰ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਧਰਨੇ ਮੁਜ਼ਾਹਰੇ ਕਰਨ ਦਾ ਐਲਾਨ ਕੀਤਾ ਹੈ। ਇਹਨਾਂ ਵਿਰੋਧ ਪ੍ਰਦਰਸ਼ਨਾਂ ਨੂੰ ਜਬਰ ਵਿਰੋਧੀ ਦਿਨ ਵਜੋਂ ਮਨਾਇਆ ਜਾਵੇਗਾ। ਕਿਸਾਨ ਜਥੇਬੰਦੀਆਂ ਸੂਬੇ ਦੇ ਸਾਰੇ ਇਨਸਾਫ ਪਸੰਦ ਲੋਕਾਂ ਨੂੰ ਇਹਨਾਂ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਪਾਉਣ ਦੀ ਅਪੀਲ ਕੀਤੀ ਜਾਂਦੀ ਹੈ। ਜਬਰ ਵਿਰੋਧੀ ਕਾਰਨ 26 ਮਾਰਚ ਨੂੰ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਨ ਦੇ ਪ੍ਰੋਗਰਾਮ ਨੂੰ ਸੰਯੁਕਤ ਕਿਸਾਨ ਮੋਰਚਾ ਨੇ ਮੁਲਤਵੀ ਕਰ ਦਿੱਤਾ ਹੈ। ਕਾਮਰੇਡ ਢੇਰ ਨੇ ਮੰਗ ਕੀਤੀ ਪੰਜਾਬ ਸਰਕਾਰ ਕਿਸਾਨਾਂ ਪ੍ਰਤੀ ਆਪਣਾ ਜਬਰ ਵਿਰੋਧੀ ਵਤੀਰਾ ਬੰਦ ਕਰੇ ਅਤੇ ਸੂਬੇ ਵਿੱਚ ਸਾਜ਼ਗਾਰ ਮਾਹੌਲ ਬਣਾ ਕੇ ਕਿਸਾਨਾਂ ਨਾਲ ਗੱਲ ਕੀਤੀ ਜਾਵੇ। ਉਹਨਾਂ ਨੇ ਕਿਹਾ ਕਿ ਪਹਿਲਾਂ ਪੰਜਾਬ ਸਰਕਾਰ ਸ਼ੰਭੂ ਤੇ ਖਨੌਰੀ ਬਾਰਡਰ ਤੇ ਗ੍ਰਿਫਤਾਰ ਕਿਸਾਨਾਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ। ਉਹਨਾਂ ਦੇ ਸੰਦ ਅਤੇ ਹੋਰ ਕੀਮਤੀ ਸਮਾਨ ਵਾਪਸ ਕੀਤਾ ਜਾਵੇ, ਜਬਰ ਬੰਦ ਕੀਤਾ ਜਾਵੇ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨ ਵਿਰੋਧੀ ਸਰਕਾਰ ਸਾਬਤ ਹੋ ਰਹੀ ਹੈ। ਜੋ ਕਿ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ ਉੱਤੇ ਕਿਸਾਨਾਂ 'ਤੇ ਬੇਹਤਾਸ਼ਾ ਜਬਰ ਢਾਇਆ ਜਾ ਰਿਹਾ ਹੈ। ਉਹਨਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਕਿਸਾਨਾਂ ਦੇ ਭਲੇ ਲਈ ਕਿਸਾਨ ਨੀਤੀ ਬਣਾਈ ਜਾਵੇ।ਹਰਜੀਤ ਸਿੰਘ ਵਿਰਕ ,ਜਸਵੰਤ ਸਿੰਘ ਬੇਲਾ ਸਾਬਕਾ ਸਰਪੰਚ, ਸੁਰਜੀਤ ਸਿੰਘ, ਸੁਰਿੰਦਰ ਸਿੰਘ ਬੇਲਾ, ਰਾਜਵੀਰ ਸਿੰਘ, ਮੇਜਰ ਸਿੰਘ, ਮਾਸਟਰ ਪਰਮਿੰਦਰ ਸਿੰਘ, ਰਣਵੀਰ ਸਿੰਘ ਅਟਵਾਲ, ਜਸਵੀਰ ਸਿੰਘ ਦਿਆਲ, ਮਲਕੀਤ ਸਿੰਘ ਮਾਨ ,ਮਲਕੀਤ ਸਿੰਘ ਦਿਆਲ, ਬਲਵਿੰਦਰ ਸਿੰਘ, ਬਲਕਾਰ ਸਿੰਘ ਬੇਲਾ ਵੀ ਹਾਜ਼ਰ ਸਨ।

ਅਸ਼ਮਿਤਾ ਹਾਕੀ ਲੀਗ: ਜਲੰਧਰ ਨੇ ਹੁਸ਼ਿਆਰਪੁਰ ਨੂੰ 8-0 ਨਾਲ ਹਰਾਇਆ

ਜਲੰਧਰ (ਸ਼ੈਲੀ ਐਲਬਰਟ)- ਭਾਰਤ ਸਰਕਾਰ ਦੇ ਖੇਡ ਮੰਤਰਾਲੇ, ਹਾਕੀ ਇੰਡੀਆ, ਸਪੋਰਟਸ ਅਥਾਰਿਟੀ ਆਫ ਇੰਡੀਆ ਵਲੋਂ ਹਾਕੀ ਪੰਜਾਬ ਦੇ ਸਹਿਯੋਗ ਨਾਲ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਮਹਿਲਾਵਾਂ ਦੀ ਹਾਕੀ ਦੇ ਵਿਕਾਸ ਲਈ ਸ਼ੁਰੂ ਕਰਵਾਈ ਗਈ ਅਸ਼ਮਿਤਾ ਹਾਕੀ ਲੀਗ (ਜੂਨੀਅਰ ਅਤੇ ਸਬ ਜੂਨੀਅਰ ਲੜਕੀਆਂ) ਦਾ ਉਦਘਾਟਨ ਹਾਕੀ ਇੰਡੀਆ ਦੇ ਜਨਰਲ ਸਕੱਤਰ ਭੋਲਾ ਨਾਥ ਸਿੰਘ ਨੇ ਕੀਤਾ। ਜਦਕਿ ਹਾਕੀ ਇੰਡੀਆ ਦੇ ਚੋਣ ਕਰਤਾ ਉਲੰਪੀਅਨ ਆਰ ਪੀ ਸਿੰਘ ਨੇ ਸਮਾਰੋਹ ਦੀ ਪ੍ਰਧਾਨਗੀ ਕੀਤੀ। ਪਹਿਲੇ ਦਿਨ ਜੂਨੀਅਰ ਵਿੱਚ ਖੇਡੇ ਗਏ ਮੈਚਾਂ ਵਿੱਚ ਜਲੰਧਰ ਨੇ ਹੁਸ਼ਿਆਰਪੁਰ ਨੂੰ 8-0 ਨਾਲ ਅਤੇ ਅੰਮ੍ਰਿਤਸਰ ਨੇ ਐਸ ਬੀ ਐਸ ਨਗਰ ਨੂੰ 3-0 ਦੇ ਫਰਕ ਨਾਲ ਹਰਾਇਆ। ਜਦਕਿ ਜੂਨੀਅਰ ਵਰਗ ਵਿੱਚ ਜਲੰਧਰ ਨੇ ਹੁਸ਼ਿਆਰਪੁਰ ਨੂੰ 2-0 ਨਾਲ, ਅੰਮ੍ਰਿਤਸਰ ਨੇ ਲੁਧਿਆਣਾ ਨੂੰ 4-0 ਨਾਲ, ਬਠਿੰਡਾ ਨੇ ਐਸਬੀਐਸ ਨਗਰ ਨੂੰ 9-0 ਨਾਲ ਅਤੇ ਮੋਹਾਲੀ ਨੇ ਹੁਸ਼ਿਆਰਪੁਰ ਨੂੰ 3-0 ਨਾਲ ਹਰਾ ਕੇ ਤਿੰਨ ਤਿੰਨ ਅੰਕ ਹਾਸਲ ਕੀਤੇ। ਹਰ ਮੈਚ ਦੌਰਾਨ ਇਕ ਇਕ ਬੇਹਤਰੀਨ ਖਿਡਾਰਣ ਐਲਾਨੀ ਗਈ, ਉਸ ਬੇਹਤਰੀਨ ਖਿਡਾਰਣ ਵਲੋਂ ਅਲਵਾ ਹਾਕੀ ਵਲੋਂ ਸਟਿੱਕ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ 'ਤੇ ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ, ਮੀਤ ਪ੍ਰਧਾਨ ਉਲੰਪੀਅਨ ਬਲਵਿੰਦਰ ਸਿੰਘ ਸ਼ੰਮੀ, ਉਲੰਪੀਅਨ ਰਜਿੰਦਰ ਸਿੰਘ ਟੈਕਨੀਕਲ ਲੀਡ ਰਾਊਂਡ ਗਲਾਸ ਸਪੋਰਟਸ, ਅੰਤਰਰਾਸ਼ਟਰੀ ਖਿਡਾਰੀ ਰਿਪੁਦਮਨ ਕੁਮਾਰ ਸਿੰਘ, ਅੰਤਰਰਾਸ਼ਟਰੀ ਹਾਕੀ ਖਿਡਾਰੀ ਰਾਮ ਸਰਨ, ਮਨਦੀਪ ਸਿੰਘ ਘੁੰਮਣ, ਗੁਰਿੰਦਰ ਸਿੰਘ ਸੰਘਾ, ਯੁਧਵਿੰਦਰ ਸਿੰਘ ਜੌਨੀ, ਰਾਜਵੰਤ ਸਿੰਘ, ਕੁਲਬੀਰ ਸਿੰਘ, ਪਰਮਿੰਦਰ ਕੌਰ, ਅੰਕਿਤਾ ਸ਼ਰਮਾ, ਬਲਜੀਤ ਕੌਰ, ਰਵਿੰਦਰ ਸਿੰਘ ਲਾਲੀ, ਕੁਲਦੀਪ ਸਿੰਘ, ਇਕਬਾਲ ਸਿੰਘ ਸੰਧੂ, ਸਤਪਾਲ ਸਿੰਘ ਮੁਨਸ਼ੀ ਹਾਜ਼ਰ ਸਨ।

55 ਗ੍ਰਾਮ ਨਸ਼ੀਲੇ ਪਦਾਰਥ ਸਣੇ ਕਾਬੂ

ਮਾਹਿਲਪੁਰ (ਸਫ਼ਰੀ)- ਥਾਣਾ ਮਾਹਿਲਪੁਰ ਦੇ ਮੁਖੀ ਪਲਵਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੁਲਸ ਚੌਕੀ ਕੋਟ ਫਤੂਹੀ ਦੇ ਏ ਐਸ ਆਈ ਸੁਖਵਿੰਦਰ ਸਿੰਘ ਨੇ ਸਾਥੀ ਕਰਮਚਾਰੀਆਂ ਸਮੇਤ ਖੜੌਦੀ ਪੈਟਰੋਲ ਪੰਪ ਨਜ਼ਦੀਕ ਹਰਮੇਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਖੜੌਦੀ ਥਾਣਾ ਮਾਹਿਲਪੁਰ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 55 ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ।ਉਸ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕਰਨ ਤੋਂ ਬਾਅਦ ਪੁੱਛ ਗਿੱਛ ਕੀਤੀ ਜਾ ਰਹੀ ਹੈ।

ਦੋ ਕਾਰਾਂ ਦੀ ਆਹਮੋ-ਸਾਹਮਣੇ ਟੱਕਰ, ਤਿੰਨ ਜ਼ਖ਼ਮੀ

ਫਿਲੌਰ (ਨਿਰਮਲ): ਫਿਲੌਰ-ਨੂਰਮਹਿਲ ਰੋਡ 'ਤੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ ਦੋ ਕਾਰਾਂ ਦੀ ਆਹਮਣੇ-ਸਾਹਮਣੇ ਜ਼ਬਰਦਸਤ ਟੱਕਰ ਹੋਈ।ਹਾਦਸੇ ਵਿੱਚ ਸ਼ਾਮਲ ਇੱਕ ਵਰਨਾ ਕਾਰ (ਨੰਬਰ PB 10 X 2011) ਲੁਧਿਆਣਾ ਵਲੋਂ ਆ ਰਹੀ ਸੀ, ਜਦਕਿ ਬਲੈਨੋ ਕਾਰ (ਨੰਬਰ PB 37 J 3509) ਨੂਰਮਹਿਲ ਸਾਈਡ ਤੋਂ ਆ ਰਹੀ ਸੀ। ਮਿਲੀ ਜਾਣਕਾਰੀ ਅਨੁਸਾਰ ਓਵਰਟੇਕ ਕਰਨ ਨਾਲ ਟੱਕਰ ਹੋਈ ਹੈ। ਟੱਕਰ ਕਾਰਨ ਦੋਨੋ ਕਾਰਾਂ ਵਿੱਚ ਸਵਾਰ ਲੋਕਾਂ ਨੂੰ ਸੱਟਾਂ ਵੱਜੀਆਂ ਹਨ । ਹਾਦਸੇ ਦੀ ਜਾਣਕਾਰੀ ਮਿਲਣ 'ਤੇ ਏ.ਐਸ.ਆਈ. ਧਰਮਿੰਦਰ ਸਿੰਘ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਦੱਸਿਆ ਕਿ ਇਹ ਹਾਦਸਾ ਓਵਰਟੇਕ ਦੇ ਕਾਰਨ ਵਾਪਰਿਆ ਲਗਦਾ ਹੈ। ਪੁਲਸ ਵਲੋਂ ਤੁਰੰਤ ਐਂਬੂਲੈਂਸ ਰਾਹੀਂ ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ, ਫਿਲੌਰ ਭੇਜ ਦਿੱਤਾ ਗਿਆ। ਮਾਮਲੇ ਦੀ ਜਾਂਚ ਜਾਰੀ ਹੈ।

'ਆਪ' ਦੇ ਵਲੰਟੀਅਰਾਂ ਨੇ ਕਰਵਾਈ ਸੀਵਰੇਜ ਸਫ਼ਾਈ ਦੀ ਸ਼ੁਰੂਆਤ

ਟਾਂਡਾ ਉੜਮੁੜ (ਜਸਵਿੰਦਰ ਸੰਧੂ)- ਸਰਕਾਰ ਨੇ ਹਰੀ ਕ੍ਰਾਂਤੀ ਅਤੇ ਸਵੱਛ ਪੰਜਾਬ ਮਿਸ਼ਨ ਤਹਿਤ ਕਈ ਸਕੀਮਾਂ ਲਾਗੂ ਕੀਤੀਆਂ ਹੋਈਆਂ ਹਨ ਤਾਂ ਜੋ ਪੰਜਾਬ ਦੀ ਜਨਤਾ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਜਾ ਸਕਣ। ਇਸੇ ਸਵੱਛ ਪੰਜਾਬ ਮਿਸ਼ਨ ਤਹਿਤ ਸੀਵਰੇਜ ਦੀ ਸਫ਼ਾਈ ਕਰਨ ਵਾਲੀ ਮਸ਼ੀਨ ਵਾਰਡ ਨੰ: 14 ਵਿਚ ਸਮਾਜ ਸੇਵੀ ਤੇ ਆਪ ਆਗੂ ਰਾਜਨ ਸੋਂਧੀ ਅਤੇ ਅਨਿਲ ਗੋਰਾ ਦੀ ਅਗਵਾਈ ਵਿਚ ਸੀਵਰੇਜ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਨ ਲਈ ਮੰਗਵਾਈ ਅਤੇ ਸੀਵਰੇਜ ਸਫ਼ਾਈ ਦਾ ਕੰਮ ਸ਼ੁਰੂ ਕਰਵਾਇਆ। ਸੋਂਧੀ ਤੇ ਗੋਰਾ ਨੇ ਕਿਹਾ ਨੇ ਕਿਹਾ ਕਿ ਵਾਰਡ ਨੰਬਰ 14 ਸੀਵਰੇਜ ਦੀਆਂ ਪਾਈਪਾਂ ਦੀ ਕਾਫ਼ੀ ਸਮੇਂ ਤੋਂ ਸਫਾਈ ਨਾ ਹੋਣ ਕਾਰਨ ਇਹ ਪਾਈਪਾਂ ਕਈ ਜਗ੍ਹਾ ਤੋਂ ਬੰਦ ਹੋ ਗਈਆਂ ਸਨ ਅਤੇ ਇਸ ਦਾ ਗੰਦਾ ਪਾਣੀ ਸੀਵਰੇਜ ਦੇ ਢੱਕਣਾਂ ਤੋਂ ਨਿਕਲ ਕੇ ਗਲੀਆਂ ਵਿਚ ਫੈਲ ਰਿਹਾ ਸੀ, ਜਿਸ ਕਾਰਨ ਮੁਹੱਲਾ ਨਿਵਾਸੀਆਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਅਜਿਹੀ ਹਾਲਤ ਵਿੱਚ ਕਈ ਬਿਮਾਰੀਆਂ ਫੈਲਣ ਦਾ ਖਦਸ਼ਾ ਵੀ ਸੀ। ਯੂਥ ਆਗੂ ਪ੍ਰੇਮ ਪਟਵਾਲ ਨੇ ਕਿਹਾ ਕਿ ਵਿਧਾਇਕ ਜਸਵੀਰ ਸਿੰਘ ਰਾਜਾ ਦੀ ਅਗਵਾਈ ਵਿੱਚ ਸਮੁੱਚੇ ਸ਼ਹਿਰ ਅੰਦਰ ਪਿਛਲੇ ਦਿਨਾਂ ਤੋਂ ਇਹ ਮਸ਼ੀਨ ਵੱਖ ਵੱਖ ਵਾਰਡਾਂ ਵਿੱਚ ਜਾ ਕੇ ਸੀਵਰੇਜ ਦੀ ਸਫਾਈ ਕਰ ਰਹੀ ਹੈ, ਜਿਸ ਕਾਰਨ ਸ਼ਹਿਰ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਇਸ ਮੌਕੇ ਪ੍ਰੇਮ ਜੈਨ, ਰਾਜੂ ਜੱਸਰਾ, ਪ੍ਰੇਮ ਪਡਵਾਲ, ਗੁਰਿੰਦਰ ਸੈਣੀ ਗਿੰਦਾ ਵੀ ਹਾਜ਼ਰ ਸਨ।

ਮੁੰਡੀਆਂ 41ਵੇਂ ਸਾਲਾਨਾ ਸੈਣੀ ਸੰਮੇਲਨ ਦੇ ਹੋਣਗੇ ਮੁੱਖ ਮਹਿਮਾਨ

ਰੂਪਨਗਰ : ਪੰਜਾਬ ਦੇ ਮਾਲ, ਪੁਨਰਵਾਸ, ਆਫਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਵਲੋਂ ਸੈਣੀ ਭਵਨ ਦੀ ਇਮਾਰਤ ਦੇ ਵਿਕਾਸ ਲਈ 5.00 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ। ਰੂਪਨਗਰ ਹਲਕੇ ਦੇ ਵਿਧਾਇਕ ਅਡਵੋਕੇਟ ਦਿਨੇਸ਼ ਚੱਡਾ ਦੀ ਸਿਫਾਰਸ਼ 'ਤੇ ਸੈਣੀ ਭਵਨ ਨੂੰ ਮਿਲੀ ਗਰਾਂਟ ਦਾ ਧੰਨਵਾਦ ਕਰਨ ਲਈ ਸੈਣੀ ਭਵਨ ਦੇ ਪ੍ਰਬੰਧਕਾਂ ਦੀ ਟੀਮ ਨੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਦੀ ਅਗਵਾਈ ਹੇਠ ਮੁੰਡੀਆਂ ਦਾ ਚੰਡੀਗੜ੍ਹ ਜਾ ਕੇ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸੰਸਥਾ ਦੇ ਟਰੱਸਟੀ ਤੇ ਜਨਰਲ ਸਕੱਤਰ ਬਲਬੀਰ ਸਿੰਘ ਸੈਣੀ, ਟਰੱਸਟੀ ਤੇ ਐਕਟਿੰਗ ਪ੍ਰਧਾਨ ਰਾਜਿੰਦਰ ਸਿੰਘ ਨਨੂਆ, ਟਰੱਸਟੀ ਤੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਵੀ ਸਨ।ਸੈਣੀ ਭਵਨ ਦੇ ਪ੍ਰਬੰਧਕਾਂ ਨੇ ਮੁੰਡੀਆਂ ਨੂੰ ਸੈਣੀ ਭਵਨ ਰੂਪਨਗਰ ਵਿਖੇ 4 ਅਪ੍ਰੈਲ ਨੂੰ ਕੀਤੇ ਜਾ ਰਹੇ 41ਵੇਂ ਸਾਲਾਨਾ ਸੈਣੀ ਸੰਮੇਲਨ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣ ਦਾ ਸੱਦਾ ਦਿੱਤਾ, ਜਿਸ ਨੂੰ ਉਨ੍ਹਾ ਫੌਰੀ ਸਵਿਕਾਰ ਕਰ ਲਿਆ।ਇਸ ਦੌਰਾਨ ਡਾ. ਅਜਮੇਰ ਸਿੰਘ ਤੰਬੜ ਨੇ ਦੱਸਿਆ ਕਿ 41ਵੇਂ ਸੈਣੀ ਸੰਮੇਲਨ ਦੇ ਵਿਸ਼ੇਸ਼ ਮਹਿਮਾਨ ਵਜੋਂ ਰੂਪਨਗਰ ਹਲਕੇ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਹੋਣਗੇ।

ਰਾਏਪੁਰ ਡੱਬਾ ਅਕੈਡਮੀ ਦੇ ਪਹਿਲਵਾਨਾਂ ਨੂੰ ਦਿੱਤੀਆਂ ਟੀ-ਸ਼ਰਟਾਂ, ਬਾਦਾਮ

ਫਗਵਾੜਾ, ਮੇਹਟੀਆਣਾ (ਡਾ. ਰਮਨ, ਜਗਤਾਰ ਸਿੰਘ ਭੁੰਗਰਨੀ) ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਫਗਵਾੜਾ ਦੇ ਪਹਿਲਵਾਨਾਂ ਨੂੰ ਕੁਸ਼ਤੀ ਪ੍ਰਤੀ ਉਤਸ਼ਾਹਤ ਕਰਨ ਦੇ ਮਕਸਦ ਨਾਲ ਪੁਰੇਵਾਲ ਖੇਡ ਕਮੇਟੀ ਦੇ ਪ੍ਰਬੰਧਕ ਗੁਰਜੀਤ ਸਿੰਘ ਪੁਰੇਵਾਲ ਕਨੇਡਾ, ਦੇਵ ਥਿੰਦ ਯੂ.ਕੇ. ਅਤੇ ਟੁੱਟ ਬ੍ਰਦਰਜ਼ ਯੂ.ਐਸ.ਏ. ਵਲੋਂ ਟੀ-ਸ਼ਰਟਾਂ ਅਤੇ ਬਾਦਾਮਾਂ ਦੀ ਵੰਡ ਕੀਤੀ ਗਈ। ਇਸ ਮੌਕੇ ਉਹਨਾਂ ਨੇ ਅਕੈਡਮੀ ਵਿਖੇ ਪਹਿਲਵਾਨਾਂ ਨੂੰ ਦਿੱਤੀ ਜਾ ਰਹੀ ਸਿਖਲਾਈ ਦਾ ਨਰੀਖਣ ਕੀਤਾ ਅਤੇ ਅਕੈਡਮੀ ਦੇ ਸੰਚਾਲਕ ਪੀ.ਆਰ. ਸੌਂਧੀ ਸਾਬਕਾ ਅੰਤਰਰਾਸ਼ਟਰੀ ਕੋਚ ਵਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਕੋਚ ਪੀ.ਆਰ. ਸੌਂਧੀ ਨੇ ਦੱਸਿਆ ਕਿ ਅਕੈਡਮੀ ਵਿਖੇ ਕਰੀਬ 80 ਪਹਿਲਵਾਨਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਜਿਹਨਾਂ ਵਿਚ ਛੋਟੀ ਅਤੇ ਵੱਡੀ ਉਮਰ ਦੇ ਪਹਿਲਵਾਨ ਸ਼ਾਮਲ ਹਨ। ਉਹਨਾਂ ਦੱਸਿਆ ਕਿ ਅਕੈਡਮੀ ਦੇ ਪਹਿਲਵਾਨਾਂ ਨੇ ਜ਼ਿਲ੍ਹਾ ਪੱਧਰ ਤੋਂ ਲੈ ਕੇ ਸਟੇਟ, ਰਾਸ਼ਟਰ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਹਾਸਲ ਕੀਤੇ ਹਨ। ਪਿਛਲੇ ਦਿਨੀਂ ਅਕੈਡਮੀ ਦੇ ਪਹਿਲਵਾਨਾਂ ਨੇ ਹਰਿਆਣਾ ਵਿਖੇ ਹੋਈਆਂ ਰਾਸ਼ਟਰ ਪੱਧਰੀ ਕੁਸ਼ਤੀਆਂ ਵਿਚ ਦੋ ਗੋਲਡ ਤੋਂ ਇਲਾਵਾ ਸਿਲਵਰ ਅਤੇ ਕਾਂਸੇ ਮੈਡਲ ਜਿੱਤੇ ਹਨ। ਉਹਨਾਂ ਦੱਸਿਆ ਕਿ ਪੰਜਾਬ ਵਿਚ ਸਿਰਫ ਫਗਵਾੜਾ ਦੀ ਰਾਏਪੁਰ ਡੱਬਾ ਹੀ ਅਜਿਹੀ ਰੈਸਲਿੰਗ ਅਕੈਡਮੀ ਹੈ, ਜਿਸਦੇ ਪਹਿਲਵਾਨਾਂ ਨੇ ਇੰਨ੍ਹੀ ਸਫਲਤਾ ਹਾਸਲ ਕੀਤੀ ਹੈ। ਅਕੈਡਮੀ ਵਲੋਂ ਗੁਰਜੀਤ ਸਿੰਘ ਪੁਰੇਵਾਲ, ਦੇਵ ਥਿੰਦ ਅਤੇ ਟੁੱਟ ਬ੍ਰਦਰਜ਼ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਅੰਤਰਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ, ਕੋਚ ਸਾਜਨ ਰਾਜਪੂਤ, ਕੋਚ ਰਵਿੰਦਰ ਨਾਥ, ਸਰਬਜੀਤ ਸਿੰਘ ਸੰਘਾ, ਗੀਤ ਪ੍ਰੀਤ ਪਾਲ ਸਿੰਘ ਪ੍ਰੈਸ ਸਕੱਤਰ ਪੰਜਾਬ ਰੈਸਲਿੰਗ ਐਸੋਸੀਏਸ਼ਨ, ਹਰਮੇਸ਼ ਲਾਲ ਆਦਿ ਹਾਜ਼ਰ ਸਨ।

ਟੋਂਸਾ ਤੋਂ ਵੱਖ-ਵੱਖ ਪਾਰਟੀਆਂ ਛੱਡ ਕਾਂਗਰਸ 'ਚ ਸ਼ਾਮਲ

ਬਲਾਚੌਰ (ਜਸਵਿੰਦਰ ਬੈਂਸ)- ਬੀਤੇ ਦਿਨੀ ਪਿੰਡ-ਟੋਂਸਾ ਤੋਂ ਵੱਖ ਵੱਖ ਪਾਰਟੀਆਂ ਨੂੰ ਛੱਡ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਇਨ੍ਹਾਂ ਵਿਚ ਡਾ. ਪਵਨ ਕੁਮਾਰ, ਕੁਲਦੀਪ ਸਿੰਘ ਵਿੱਕਾ ਪੰਚ, ਪਰਮਿੰਦਰ ਸਿੰਘ ਪੰਚ, ਕੰਬੀ ਪੰਚ, ਰਾਜ਼ੀ ਪੰਚ, ਬਿੱਟੂ ਪੰਚ, ਦੀਵਾਨ ਚੰਦ ਕੂਕਾ ਪਰਵਾਰਾਂ ਸ਼ਾਮਲ ਹਨ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਆਲ ਇੰਡੀਆ ਕਾਂਗਰਸ ਕਮੇਟੀ ਸਕੱਤਰ ਅਤੇ ਪੰਜਾਬ ਕਾਂਗ

24-MAR-PAGE-10.qxd 3/23/2025 10:06 PM Page 1

ਗੁਰੂ ਨਾਨਕ ਕਾਲਜ ਵਿਖੇ ਸ਼ਹੀਦੀ ਦਿਵਸ ਨੂੰ ਸਮਰਪਤ ਪੁਸਤਕ ਪ੍ਰਦਰਸ਼ਨੀ

ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵਿਖੇ ਲਾਇਬ੍ਰੇਰੀ ਵੱਲੋਂ ਇੱਕ ਪੁਸਤਕ ਪ੍ਰਦਰਸ਼ਨੀ ਦਾ ਲਾਈ ਗਈ।ਕਾਲਜ ਦੇ ਪ੍ਰਿੰਸੀਪਲ ਡਾ.ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਕਾਲਜ ਦੀ ਲਾਇਬ੍ਰੇਰੀ ਵੱਲੋਂ ਸਹਾਇਕ ਲਾਇਬ੍ਰੇਰੀਅਨ ਸ. ਕੁਲਵੰਤ ਸਿੰਘ ਗਿੱਲ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਪੁਸਤਕ ਪ੍ਰਦਰਸ਼ਨੀ ਲਗਾਈ ਗਈ।ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਪਵਿੱਤਰਪਾਲ ਸਿੰਘ ਪਾਂਗਲੀ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਪ੍ਰਦਰਸ਼ਨੀ ਰਾਹੀਂ ਜਿੱਥੇ ਵਿਦਿਆਰਥੀਆਂ ਨੂੰ ਕਿਤਾਬਾਂ ਦੇ ਮਹੱਤਵ ਬਾਰੇ ਦੱਸਿਆ ਗਿਆ, ਉੱਥੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਜੀਵਨ ਬਾਰੇ ਵਿਚਾਰ ਗੋਸ਼ਟੀ ਦਾ ਆਯੋਜਨ ਵੀ ਕੀਤਾ ਗਿਆ। ਇਸ ਮੌਕੇ ਇਤਿਹਾਸ ਵਿਭਾਗ ਦੇ ਮੁੱਖੀ ਪ੍ਰੋ.ਸਨਦੀਪ ਸਿੰਘ ਹੁੰਦਲ ਤੇ ਕੁਲਵੰਤ ਸਿੰਘ ਗਿੱਲ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਬਾਰੇ ਵਿਦਿਆਰਥੀਆਂ ਨਾਲ਼ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਡਾ. ਗੁਰਪ੍ਰੀਤ ਸਿੰਘ, ਡਾ. ਕਰਮਜੀਤ ਸਿੰਘ ਬੈਨੀਪਾਲ, ਪ੍ਰੋ. ਸਿਮਰਦੀਪ ਕੌਰ, ਸ.ਅੰਮ੍ਰਿਤਵੀਰ ਸਿੰਘ, ਸ.ਜਸਦੀਪ ਸਿੰਘ, ਸ.ਗੁਰਪ੍ਰੀਤ ਸਿੰਘ, ਸ.ਜਰਨੈਲ ਸਿੰਘ ਅਤੇ ਸ਼੍ਰੀਮਤੀ ਨਿਸ਼ਾ ਦੇਵੀ ਹਾਜ਼ਰ ਸਨ।ਇਸ ਪ੍ਰਦਰਸ਼ਨੀ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

ਦਸਵੀਂ ਦਾ ਸਮਾਜਿਕ ਸਿੱਖਿਆ ਦਾ ਪੇਪਰ ਸਿਲੇਬਸ ਤੋਂ ਬਾਹਰਾ ਹੋਣ ਕਾਰਨ ਬੱਚੇ ਤੇ ਅਧਿਆਪਕ ਨਿਰਾਸ਼

ਜ਼ੀਰਾ (ਨਰਿੰਦਰ ਅਨੇਜਾ)-ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵੱਲੋਂ ਦਸਵੀਂ ਤੇ ਬਾਰ੍ਹਵੀਂ ਜਮਾਤ ਦੀਆਂ ਪ੍ਰੀਖਿਆਵਾਂ ਚੱਲ ਰਹੀਆ ਹਨ।ਦਸਵੀਂ ਜਮਾਤ ਦਾ ਸਮਾਜਿਕ ਸਿੱਖਿਆ ਦਾ ਪੇਪਰ ਵਿਦਿਆਰਥੀਆਂ ਤੇ ਅਧਿਆਪਕਾਂ ਅਨੁਸਾਰ ਪੈਟਰਨ ਅਨੁਸਾਰ ਨਹੀਂ ਆਇਆ ਅਤੇ ਵਿਦਿਆਰਥੀਆਂ ਦੇ ਪੱਧਰ ਤੋਂ ਬਹੁਤ ਉੱਚਾ ਸੀ।ਇਸ ਕਰਕੇ ਵਿਦਿਆਰਥੀਆਂ ਵਿੱਚ ਭਾਰੀ ਬੇਚੈਨੀ ਵੇਖੀ ਗਈ।ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਕਾਰਜਕਾਰੀ ਸਕੱਤਰ ਪ੍ਰਵੀਨ ਕੁਮਾਰ, ਜਿੰਦਰ ਪਾਇਲਟ, ਵਿੱਤ ਸਕੱਤਰ ਨਵੀਨ ਕੁਮਾਰ ਸਚਦੇਵਾ, ਬਾਜ ਸਿੰਘ ਭੁੱਲਰ ਤੇ ਸੁਖਜਿੰਦਰ ਸਿੰਘ ਖਾਨਪੁਰ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਦੱਸਿਆ ਕਿ ਸਮਾਜਿਕ ਸਿੱਖਿਆ ਦੇ ਪੇਪਰ ਵਿੱਚ ਛੋਟੇ ਪ੍ਰਸ਼ਨ ਬਹੁਤ ਘੁਮਾ ਫਿਰਾ ਕੇ ਪਾਏ ਗਏ ਸਨ, ਜਿਸ ਕਰਕੇ ਬੱਚਿਆਂ ਦੀ ਸਮਝ ਤੋਂ ਬਾਹਰ ਸਨ ਅਤੇ ਇਹ ਪ੍ਰਸ਼ਨ ਸਿਲੇਬਸ ਮੁਤਾਬਕ ਵੀ ਨਹੀਂ ਸਨ, ਜਿਸ ਕਰਕੇ ਬੱਚਿਆਂ ਦਾ 30 ਨੰਬਰ ਦਾ ਨੁਕਸਾਨ ਹੋਇਆ ਹੈ।ਇਸ ਕਰਕੇ ਯੂਨੀਅਨ ਮੰਗ ਕਰਦੀ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਸਿੱਖਿਆ ਵਿਭਾਗ ਇਸ ਸਮਾਜਿਕ ਸਿੱਖਿਆ ਦੇ ਪੇਪਰ ਵਿੱਚ ਬੱਚਿਆਂ ਨੂੰ ਗਰੇਸ ਅੰਕ ਦੇਵੇ ਤਾਂ ਜੋ ਬੱਚਿਆਂ ਦਾ ਨੁਕਸਾਨ ਨਾ ਹੋਵੇ।ਇਸ ਮੌਕੇ ਹਾਜ਼ਰ ਆਗੂਆਂ ਵਿੱਚ ਪਰਮਿੰਦਰ ਸਿੰਘ ਸੋਢੀ, ਗੁਰਮੀਤ ਸਿੰਘ ਸੰਧੂ, ਰਾਜਬੀਰ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ, ਗੁਰਸ਼ਾਮ ਸਿੰਘ, ਭੁਪਿੰਦਰ ਸਿੰਘ, ਜਗਦੇਵ ਸ਼ਰਮਾ, ਗੁਰਪਾਲ ਜੀਰਵੀ ਆਦਿ ਹਾਜ਼ਰ ਸਨ।

ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ

ਜਗਰਾਓਂ (ਅਮਿਤ ਖੰਨਾ)-ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਐੱਸ ਆਰ ਕਲੇਰ ਸਾਬਕਾ ਵਿਧਾਇਕ ਦੀ ਅਗਵਾਈ ਹੇਠ ਹਲਕਾ ਜਗਰਾਉਂ ਦੇ ਵੱਖ-ਵੱਖ ਸਰਕਲ ਜਥੇਦਾਰਾਂ ਤੇ ਅਕਾਲੀ ਆਗੂਆਂ ਨਾਲ ਪਾਰਟੀ ਦੀ ਚੜ੍ਹਦੀ ਕਲਾ ਤੇ ਮਜ਼ਬੂਤੀ ਲਈ ਵਿਚਾਰ ਵਟਾਂਦਰਾ ਹੋਇਆ।ਮੀਟਿੰਗ ਦੌਰਾਨ ਐਡਵੋਕੇਟ ਬੀਬੀ ਪਰਮਿੰਦਰ ਕੌਰ ਬਾਜਵਾ ਦਾ ਸਨਮਾਨ ਕਰਦੇ ਹੋਏ ਸ੍ਰੀ ਕਲੇਰ ਨੇ ਦੱਸਿਆ ਕਿ 24 ਮਾਰਚ ਨੂੰ ਸ਼ਾਮ 4 ਵਜੇ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਜਗਰਾਉਂ ਵਿਖੇ ਹਲਕਾ ਜਗਰਾਉਂ ਦੀ ਇਕ ਵਿਸ਼ੇਸ਼ ਮੀਟਿੰਗ ਰੱਖੀ ਗਈ ਹੈ।ਇਸ ਮੀਟਿੰਗ ਵਿੱਚ ਪਾਰਟੀ ਵਰਕਰਾਂ ਨੂੰ ਵੱਧ ਤੋਂ ਵੱਧ ਪਹੁੰਚਣ ਦਾ ਸੱਦਾ ਦਿੱਤਾ ਹੈ।ਇਸ ਮੌਕੇ ਹਾਜ਼ਰ ਸਰਕਲ ਜਥੇਦਾਰ ਪਰਵਿੰਦਰ ਸਿੰਘ ਚੀਮਾ, ਸਰਕਲ ਜਥੇਦਾਰ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਜਥੇਦਾਰ ਤਜਿੰਦਰ ਪਾਲ ਸਿੰਘ ਕੰਨੀਆ, ਸਰਕਲ ਜਥੇਦਾਰ ਇਸਟਪ੍ਰੀਤ ਸਿੰਘ ਜਗਰਾਓਂ, ਸਰਕਲ ਜਥੇਦਾਰ ਮਨਦੀਪ ਸਿੰਘ ਬਿੱਟੂ ਗ਼ਾਲਿਬ, ਸਾਬਕਾ ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਦਵਿੰਦਰਜੀਤ ਸਿੰਘ ਸਿੱਧੂ ਤੇ ਹੋਰ ਆਗੂ ਹਾਜ਼ਰ ਸਨ।

ਇਲਾਹਾਬਾਦ ਹਾਈ ਕੋਰਟ ਦੇ ਫੈਸਲੇ 'ਤੇ ਪੂਨਮ ਕਾਂਗੜਾ ਵੱਲੋਂ ਟਿੱਪਣੀ

ਸੰਗਰੂਰ (ਪ੍ਰਵੀਨ ਸਿੰਘ)-ਪਿਛਲੇ ਦਿਨੀਂ ਇਲਾਹਾਬਾਦ ਹਾਈਕੋਰਟ ਵੱਲੋਂ ਇੱਕ ਕੇਸ ਦੀ ਸੁਣਵਾਈ ਕਰਦਿਆਂ ਦਿੱਤੇ ਫੈਸਲੇ ਕਿ ਕਿਸੇ ਮਹਿਲਾ ਦੇ ਨਿੱਜੀ ਅੰਗ ਨੂੰ ਫੜਨਾ ਅਤੇ ਉਸ ਦੀ ਸਲਵਾਰ ਦਾ ਨਾਲਾ ਤੋੜਨਾ ਜਬਰ-ਜਨਾਹ ਜਾਂ ਜਬਰ-ਜਨਾਹ ਦੀ ਕੋਸ਼ਿਸ਼ ਅਪਰਾਧ ਨਹੀਂ ਹੈ।ਇਸ 'ਤੇ ਟਿੱਪਣੀ ਕਰਦਿਆਂ ਮੈਡਮ ਪੂਨਮ ਕਾਂਗੜਾ, ਮੁੱਖ ਸਰਪ੍ਰਸਤ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ, ਨੇ ਕਿਹਾ ਕਿ ਇਹ ਫੈਸਲਾ ਬਹੁਤ ਹੀ ਅਸੰਵੇਦਨਸ਼ੀਲ ਅਤੇ ਸਮਾਜ ਲਈ ਬਹੁਤ ਹੀ ਖ਼ਤਰਨਾਕ ਹੈ। ਇਸ ਵਿੱਚ ਤੁਰੰਤ ਮਾਨਯੋਗ ਸੁਪਰੀਮ ਕੋਰਟ ਨੂੰ ਦਖ਼ਲ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬੜੇ ਸ਼ਰਮ ਦੀ ਗੱਲ ਹੈ ਕਿ ਮਾਨਯੋਗ ਨਿਆਂਪਾਲਿਕਾ ਵੱਲੋਂ ਇਹ ਫੈਸਲਾ ਦੇਣਾ ਕਿ ਪੀੜਤਾ ਦੀਆਂ ਛਾਤੀਆਂ ਫੜਨਾ, ਸਲਵਾਰ ਦਾ ਨਾਲਾ ਤੋੜਨਾ ਜਿਨਸੀ ਹਮਲੇ ਦੇ ਘੱਟ ਗੰਭੀਰ ਦੋਸ਼ ਦੇ ਅਧੀਨ ਆਉਂਦਾ ਹੈ (ਕਥਿਤ ਕੁੜੀ ਸਿਰਫ਼ 11 ਸਾਲ ਦੀ ਸੀ), ਉਹ ਇਸ ਫੈਸਲੇ ਨਾਲ ਪੂਰੀ ਤਰ੍ਹਾਂ ਅਸਹਿਮਤ ਹਨ ਤੇ ਸੁਪਰੀਮ ਕੋਰਟ ਤੋਂ ਇਸ ਦਾ ਤੁਰੰਤ ਨੋਟਿਸ ਲੈਣ ਦੀ ਮੰਗ ਕਰਦੇ ਹਨ।ਉਨ੍ਹਾਂ ਕਿਹਾ ਕਿ ਪੋਕਸੋ ਤੇ ਬੀ ਐੱਨ ਐੱਸ ਦੇ ਸਖਤ ਕਾਨੂੰਨਾਂ ਦਾ ਕੀ ਫਾਇਦਾ, ਜਦੋਂ ਮਾਨਯੋਗ ਕੋਰਟ ਵੱਲੋਂ ਹੀ ਅਜਿਹੇ ਫੈਸਲੇ ਦਿੱਤੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਇਸ ਫੈਸਲੇ ਨੂੰ ਲੈ ਕੇ ਦੇਸ਼ ਦੀਆਂ ਕਰੋੜਾਂ ਔਰਤਾਂ ਦੀ ਨਿਗਾਹ ਮਾਨਯੋਗ ਸੁਪਰੀਮ ਕੋਰਟ ਵੱਲ ਟਿਕੀ ਹੋਈ ਹੈ, ਕਿਉਂਕਿ ਪਹਿਲਾਂ ਵੀ ਦੇਸ਼ ਅੰਦਰ ਕਈ ਗੱਲਾਂ ਨੂੰ ਲੈ ਕੇ ਸੁਪਰੀਮ ਕੋਰਟ ਵੱਲੋਂ ਜੱਜਾਂ ਨੂੰ ਝਾੜ ਪਾਈ ਗਈ ਹੈ।

ਸੰਧਵਾਂ ਨੇ ਮੋਰਾਂਵਾਲੀ ਦੇ ਕਬੱਡੀ ਕੱਪ 'ਚ ਕੀਤੀ ਸ਼ਿਰਕਤ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਪਿੰਡ ਮੋਰਾਂਵਾਲੀ ਵਿਖੇ ਕਰਵਾਏ ਗਏ 24ਵੇਂ ਕਬੱਡੀ ਕੱਪ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਪੀਕਰ ਸੰਧਵਾਂ ਨੇ ਕਿਹਾ ਕਿ ਖੇਡਾਂ ਰਾਹੀਂ ਨਸ਼ਾ ਰਹਿਤ ਸਮਾਜ ਦੀ ਸਿਰਜਣਾ ਹੋ ਸਕਦੀ ਹੈ ਤੇ ਸਭ ਨੂੰ ਰਲ-ਮਿਲ ਕੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ।ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵੱਡੇ ਉਪਰਾਲੇ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਹੱਸਦਾ ਵੱਸਦਾ ਤੇ ਪ੍ਰਫੁੱਲਤ ਪੰਜਾਬ ਬਣਾਉਣ ਵਿੱਚ ਲੱਗੀ ਹੋਈ ਹੈ।ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਕੈਂਸਰ ਲਗਾਤਾਰ ਫੈਲਦਾ ਜਾ ਰਿਹਾ ਹੈ, ਇਸ ਦੀ ਰੋਕਥਾਮ ਲਈ ਪਿੰਡਾਂ ਵਿੱਚ ਮੁਫਤ ਕੈਂਪ ਲਗਾਏ ਜਾਣਗੇ ਅਤੇ ਪਿੰਡ ਸੰਧਵਾਂ ਵਿਖੇ 29 ਮਾਰਚ ਨੂੰ ਇਹ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਪਲਾਨਿੰਗ ਬੋਰਡ ਸੁਖਜੀਤ ਸਿੰਘ ਢਿੱਲਵਾਂ, ਜਗਰੂਪ ਸਿੰਘ, ਪੁਸ਼ਵਿੰਦਰ ਸਿੰਘ ਸੰਧੂ, ਨਿਰਮਲ ਸਿੰਘ ਨੰਬਰਦਾਰ, ਸਿਕੰਦਰ ਸਿੰਘ ਗਿੱਲ, ਬਲਬੀਰ ਸਿੰਘ, ਬਲਵਿੰਦਰ ਸਿੰਘ, ਸੁਖਪਾਲ ਸਿੰਘ, ਦਵਿੰਦਰ ਸਿੰਘ, ਜਸਵੰਤ ਸਿੰਘ, ਸੁਖਚੈਨ ਸਿੰਘ, ਗੁਰਪ੍ਰੀਤ ਸਿੰਘ, ਪ੍ਰਗਟ ਸਿੰਘ, ਮੱਖਣ ਸਿੰਘ, ਹਰਵੀਰ ਸੰਧੂ, ਸੁਖਦੇਵ ਸੰਧੂ, ਕੁਲਵੀਰ ਸਿੰਘ, ਰੋਸ਼ਨ ਸਿੰਘ, ਜਸਕਰਨ ਸਿੰਘ, ਸ਼ਮਸ਼ੇਰ ਸਿੰਘ ਆਦਿ ਹਾਜ਼ਰ ਸਨ।

ਲੋਕ ਸੇਵਾ ਕਲੱਬ ਨੇ ਖਿਡਾਰੀਆਂ ਨੂੰ ਵਾਲੀਬਾਲ ਕਿੱਟਾਂ ਵੰਡੀਆਂ

ਦਿੜ੍ਹਬਾ (ਜਸਵੀਰ ਲਾਡੀ)-ਇੱਥੋਂ ਨੇੜੇ ਦੇ ਪਿੰਡ ਛਾਜਲੀ ਵਿਖੇ ਲੋਕ ਸੇਵਾ ਕਲੱਬ ਛਾਜਲੀ ਦੇ ਪ੍ਰਧਾਨ/ਪੰਚਾਇਤ ਮੈਂਬਰ ਹੁਸਨਪ੍ਰੀਤ ਸਿੰਘ ਚਾਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਸੇਵਾ ਕਲੱਬ ਛਾਜਲੀ ਵੱਲੋਂ ਜਵਾਨੀ ਨੂੰ ਨਸ਼ਿਆਂ ਵਾਲੇ ਪਾਸੇ ਤੋਂ ਮੋੜ ਕੇ ਖੇਡਾਂ ਵਾਲੇ ਪਾਸੇ ਪ੍ਰੇਰਿਤ ਕਰਨ ਲਈ ਵੱਖ ਵੱਖ ਪੱਤੀਆਂ ਦੇ ਖਿਡਾਰੀਆਂ ਨੂੰ ਵਾਲੀਬਾਲ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਤਪਿੰਦਰ ਸਿੰਘ ਸੋਹੀ ਓ.ਐੱਸ.ਡੀ. ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰੀਰਕ ਤੌਰ 'ਤੇ ਫਿੱਟ ਰਹਿਣ ਲਈ ਖੇਡਾਂ ਬਹੁਤ ਜ਼ਰੂਰੀ ਹਨ ਅਤੇ ਪੰਜਾਬ ਦੀ ਜਵਾਨੀ ਨੂੰ ਖੇਡਾਂ ਵੱਲ ਪ੍ਰੇਰਿਤ ਕਰਕੇ ਨਸ਼ਿਆਂ ਵੱਲੋਂ ਮੋੜਿਆ ਜਾ ਸਕਦਾ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਗੁਰਬਿਆਸ ਸਿੰਘ ਖੰਗੂੜਾ ਸਰਪੰਚ ਛਾਜਲੀ, ਹਰਵਿੰਦਰ ਸਿੰਘ ਮੰਡੇਰ ਚੇਅਰਮੈਨ ਮਾਰਕੀਟ ਕਮੇਟੀ ਸਲੂਰ-ਘਰਾਟ ਤੋਂ ਇਲਾਵਾ ਕਲੱਬ ਦੇ ਅਹੁਦੇਦਾਰ ਹਰਪ੍ਰੀਤ ਬੱਬੂ ਪੰਡਤ, ਮੋਨੀ ਪੰਡਤ, ਗੁਰਪ੍ਰੀਤ ਪੰਡਤ, ਗੋਲਡੀ ਬੋਲਾ, ਮਲਕੀਤ ਫੌਜੀ, ਜੱਸੂ ਨੰਬਰਦਾਰ, ਗੋਬਿੰਦ ਡਾਕਟਰ, ਨੋਨਾ ਸੂਚ ਤੇ ਬਬਲਾ ਸੂਚ ਆਦਿ ਹਾਜ਼ਰ ਸਨ।

ਅੰਤਰਰਾਸ਼ਟਰੀ ਜਲ ਦਿਵਸ ਮਨਾਇਆ

ਚੀਮਾ ਮੰਡੀ (ਰਵਿੰਦਰ ਚੀਮਾ)-ਮਾਡਰਨ ਗਰੁੱਪ ਆਫ ਕਾਲਜ ਬੀਰ ਕਲਾਂ ਵਿਖੇ ਅੰਤਰਰਾਸ਼ਟਰੀ ਜਲ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਇਸ ਦਿਵਸ ਦੀ ਅਹਿਮੀਅਤ ਤੇ ਇਤਿਹਾਸ ਬਾਰੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਕਾਲਜ ਵਿਦਿਆਰਥੀਆਂ ਵੱਲੋਂ ਜਲ ਦਿਵਸ ਨਾਲ ਸੰਬੰਧਤ ਚਾਰਟ ਵੀ ਬਣਾਏ ਗਏ। ਸਮਾਗਮ ਵਿੱਚ ਬੋਲਦਿਆਂ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਕਿਹਾ ਕਿ ਪਾਣੀ ਸਾਡੇ ਜੀਵਨ ਦਾ ਅਟੁੱਟ ਅੰਗ ਹੈ, ਜੇ ਪਾਣੀ ਨਹੀਂ ਹੈ ਤਾਂ ਜੀਵਨ ਨਹੀਂ ਹੈ, ਇਸ ਲਈ ਉਨ੍ਹਾਂ ਨੇ ਪਾਣੀ ਨੂੰ ਬਚਾਉਣ ਲਈ ਵਿਦਿਆਰਥੀਆਂ ਨੂੰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਅਹਿਮੀਅਤ ਨੂੰ ਸਮਝਦੇ ਹੋਏ ਕੁਦਰਤ ਦੇ ਇਸ ਕੀਮਤੀ ਸਰੋਤ ਦੀ ਸੰਭਾਲ ਕਰਨੀ ਚਾਹੀਦੀ ਹੈ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

ਕੇਂਦਰੀ ਮੰਤਰੀ ਵੱਲੋਂ ਐੱਮ ਆਰ ਐੱਸ ਪੀ ਟੀ ਯੂ ਵਿਖੇ ਅਤਿ-ਆਧੁਨਿਕ ਫੂਡ ਟੈਸਟਿੰਗ ਲੈਬਾਰਟਰੀ ਦਾ ਉਦਘਾਟਨ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਪੰਜਾਬ ਦੀਆਂ ਤਕਨੀਕੀ ਯੂਨੀਵਰਸਿਟੀਆਂ ਵਿੱਚੋਂ ਇੱਕ ਵੱਡੀ ਪਹਿਲ ਕਰਦਿਆਂ ਭੋਜਨ ਦੀ ਗੁਣਵੱਤਾ ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਤੇ ਰੇਲਵੇ ਰਾਜ ਮੰਤਰੀ ਸ੍ਰੀ ਰਵਨੀਤ ਸਿੰਘ ਬਿੱਟੂ ਨੇ ਇਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ ਆਰ ਐੱਸ ਪੀ ਟੀ ਯੂ) ਬਠਿੰਡਾ ਵਿਖੇ ਇੱਕ ਅਤਿ-ਆਧੁਨਿਕ ਫੂਡ ਟੈਸਟਿੰਗ ਲੈਬਾਰਟਰੀ ਦਾ ਉਦਘਾਟਨ ਕੀਤਾ।ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰਾਲੇ (ਐੱਮ ਓ ਐੱਫ ਪੀ ਆਈ) ਦੀ ਕੇਂਦਰੀ ਗੁਣਵੱਤਾ ਨਿਯੰਤਰਣ/ਫੂਡ ਟੈਸਟਿੰਗ ਲੈਬਾਰਟਰੀ ਸਕੀਮ ਅਧੀਨ ਸਥਾਪਿਤ ਇਹ ਪ੍ਰਯੋਗਸ਼ਾਲਾ, ਭੋਜਨ ਵਸਤੂਆਂ ਨੂੰ ਪ੍ਰਮਾਣਿਤ ਕਰਨ, ਮਿਲਾਵਟ ਦਾ ਪਤਾ ਲਗਾਉਣ ਤੇ ਫੂਡ ਪ੍ਰੋਸੈਸਿੰਗ ਈਕੋਸਿਸਟਮ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤੀ ਗਈ ਹੈ।ਸ੍ਰੀ ਬਿੱਟੂ ਨੇ ਕਿਹਾ ਕਿ ਐੱਮ ਆਰ ਐੱਸ ਪੀ ਟੀ ਯੂ ਵਿਖੇ ਫੂਡ ਟੈਸਟਿੰਗ ਲੈਬਾਰਟਰੀ ਦਾ ਉਦਘਾਟਨ ਪੰਜਾਬ ਦੇ ਫੂਡ ਪ੍ਰੋਸੈਸਿੰਗ ਸਫ਼ਰ ਵਿੱਚ ਇੱਕ ਮੀਲ ਪੱਥਰ ਹੈ, ਜੋ ਉੱਚ-ਕੁਆਲਿਟੀ ਦੀਆਂ ਟੈਸਟਿੰਗ ਸਹੂਲਤਾਂ ਦੀ ਪੇਸ਼ਕਸ਼ ਕਰਦਾ ਹੈ ਅਤੇ ਖਪਤਕਾਰਾਂ ਤੇ ਹਿੱਸੇਦਾਰਾਂ ਲਈ ਇੱਕ ਸਿਹਤਮੰਦ, ਸੁਰੱਖਿਅਤ ਭੋਜਨ ਈਕੋਸਿਸਟਮ ਦਾ ਸਮਰਥਨ ਕਰਦਾ ਹੈ।ਉਦਘਾਟਨ ਸਮਾਰੋਹ ਵਿੱਚ ਸ੍ਰੀ ਰਣਜੀਤ ਸਿੰਘ ਆਈ ਏ ਐੱਸ ਸੰਯੁਕਤ ਸਕੱਤਰ (ਐੱਮ ਓ ਐੱਫ ਪੀ ਆਈ.), ਐੱਮ ਆਰ ਐੱਸ ਪੀ ਟੀ ਯੂ ਦੇ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਸੰਦੀਪ ਕਾਂਸਲ, ਡਾ. ਗੁਰਿੰਦਰ ਪਾਲ ਸਿੰਘ ਬਰਾੜ ਰਜਿਸਟਰਾਰ, ਡਾ. ਸੰਜੀਵ ਅਗਰਵਾਲ ਕੈਂਪਸ ਡਾਇਰੈਕਟ

24-March-11-Page-Majha-25.qxd 3/23/2025 10:13 PM Page 1

ਇਰਾਦਾ ਕਤਲ ਤੇ ਲੁੱਟਾਂ-ਖੋਹਾਂ 'ਚ ਲੋੜੀਂਦਾ ਕਾਬੂ

ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)- ਆਦਿੱਤਯ ਸੀਨੀਅਰ ਕਪਤਾਨ ਪੁਲਸ ਗੁਰਦਾਸਪੁਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ 17 ਮਾਰਚ ਨੂੰ ਸਠਿਆਲੀ ਪੁਲ ਨੇੜੇ ਪੰਜਾਬ ਇਲੈਕਟਰੋ ਵਰਲਡ ਦੇ ਸ਼ੋਰੂਮ ਦੇ ਮਾਲਕ ਨੂੰ ਗੋਲੀ ਚਲਾ ਕੇ ਜ਼ਖਮੀ ਕਰਨ ਵਾਲੇ ਇੱਕ ਦੋਸ਼ੀ ਨੂੰ ਗੁਰਦਾਸਪੁਰ ਪੁਲਸ ਵੱਲੋਂ ਕਾਬੂ ਕੀਤਾ ਗਿਆ ।

ਐੱਸ.ਐੱਸ.ਪੀ. ਨੇ ਦੱਸਿਆ ਕਿ ਗੋਲੀ ਚਲਾਉਣ ਵਾਲੇ ਦੋ ਨੌਜਵਾਨਾਂ ਦੀ ਪਛਾਣ ਸਾਹਿਬ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਬੁੱਟਰ ਕਲਾਂ ਅਤੇ ਬਲਦੇਵ ਸਿੰਘ ਵਾਸੀ ਨਸੀਰਪੁਰ ਵਜੋਂ ਹੋਈ ਸੀ ਅਤੇ ਉਕਤਾਂ ਦੇ ਖਿਲਾਫ ਮੁਕੱਦਮਾ ਥਾਣਾ ਕਾਹਨੂੰਵਾਨ ਦਰਜ ਰਜਿਸਟਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮੁਕੱਦਮਿਆਂ ਦੀ ਤਫਤੀਸ਼ ਸਪੈਸ਼ਲ ਟੀਮਾਂ ਬਣਾ ਕੇ ਟੈਕਨੀਕਲ ਤਰੀਕੇ ਰਾਹੀਂ ਕਰਵਾਈ ਗਈ। ਜੋ ਦੋਸ਼ੀ ਸਾਹਿਬ ਸਿੰਘ ਨੂੰ ਮਿਤੀ 18 ਮਾਰਚ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਵਾਰਦਾਤ ਦੌਰਾਨ ਵਰਤਿਆ 1 ਪਿਸਟਲ 32 ਬੋਰ ਸਮੇਤ ਮੈਗਜ਼ੀਨ ਅਤੇ 1 ਖਿਡੌਣਾ ਪਿਸਟਲ ਵੀ ਬਰਾਮਦ ਕੀਤਾ ਗਿਆ। ਐੱਸ.ਐੱਸ.ਪੀ. ਆਦਿੱਤਿਆ ਨੇ ਦੱਸਿਆ ਕਿ ਦੌਰਾਨੇ ਪੁੱਛਗਿੱਛ ਸਾਹਿਬ ਸਿੰਘ ਨੇ ਦੱਸਿਆ ਕਿ ਉਸ ਨੇ ਅਤੇ ਉਸ ਦੇ ਸਾਥੀ ਬਲਦੇਵ ਸਿੰਘ ਵੱਲੋਂ ਫਰੈਂਡਜ਼ ਪੈਟਰੋਲ ਪੰਪ ਘੁਮਾਣ ਤੋਂ 14400 ਰੁਪਏ, ਹਰਕ੍ਰਿਸ਼ਨ ਪੈਟਰੋਲ ਪੰਪ, ਸਠਿਆਲੀ ਤੋਂ 3600 ਰੁਪਏ ਅਤੇ ਇੱਕ ਮੋਬਾਇਲ ਫੋਨ ਅਤੇ ਕਸਬਾ ਮਹਿਤਾ ਵਿਖੇ ਇੱਕ ਵਿਅਕਤੀ ਦਾ ਦਾਤਰ ਮਾਰ ਕੇ ਬੈਗ ਖੋਹ ਕੀਤਾ ਸੀ, ਜਿਸ ਵਿੱਚ 12000 ਰੁਪਏ, 1 ਪਿਸਟਲ 32 ਬੋਰ, 2 ਮੈਗਜ਼ੀਨ, 12 ਰੌਂਦ ਜ਼ਿੰਦਾ, 1 ਮੋਬਾਇਲ ਤੇ ਹੋਰ ਕਾਗਜ਼ਾਤ ਸਨ। ਇਸ ਤੋਂ ਇਲਾਵਾ ਉਕਤ ਦੋਸ਼ੀਆ ਵੱਲੋਂ 16 ਮਾਰਚ ਨੂੰ ਪੈਟਰੋਲ ਪੰਪ ਉਧਨਵਾਲ ਵਿਖੇ ਖੋਹ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿੱਥੇ ਉਕਤਾਂ ਨੇ 2 ਕਰਿੰਦਿਆਂ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ, ਜਿਹਨਾਂ ਵਿੱਚੋ ਇੱਕ ਕਰਿੰਦੇ ਦੀ ਇਲਾਜ ਦੌਰਾਨ ਮੌਤ ਹੋ ਗਈ ਸੀ।

ਉਨ੍ਹਾਂ ਦੱਸਿਆ ਕਿ ਦੋਸ਼ੀ ਦਾ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਦੂਸਰੇ ਦੋਸ਼ੀ ਬਲਦੇਵ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਰੇਡ ਕੀਤੇ ਜਾ ਰਹੇ ਹਨ।

ਚਾਰ ਨਸ਼ਾ ਤਸਕਰ ਡਰੱਗ ਮਨੀ, ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਮੇਤ ਗ੍ਰਿਫਤਾਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਪੁਲਸ ਨੇ ਬੀਤੇ ਕੱਲ੍ਹ ਪਿੰਡ ਪੱਡਾ ਵਿੱਚ ਇੱਕ ਡਾਕਟਰ ਦੀ ਆੜ ਹੇਠ ਕੰਮ ਕਰਦੇ ਨਸ਼ਾ ਤਸਕਰ ਨੂੰ ਡਰੱਗ ਮਨੀ ਅਤੇ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕੀਤਾ ਸੀ ਤੇ ਇਸ ਮਾਮਲੇ ਸਬੰਧੀ ਅੱਜ ਸਬ ਡਵੀਜ਼ਨ ਡੇਰਾ ਬਾਬਾ ਨਾਨਕ ਦੇ ਡੀ ਐਸ ਪੀ ਜੋਗਾ ਸਿੰਘ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਕੱਲ੍ਹ ਪਿੰਡ ਪੱਡਾ 'ਚ ਇੱਕ ਨਸ਼ਾ ਤਸਕਰ ਕਵਲਜੀਤ ਸਿੰਘ ਪੁੱਤਰ ਪ੍ਰਦੁਮਣ ਸਿੰਘ ਨੂੰ 3 ਲੱਖ 85 ਹਜ਼ਾਰ ਰੁਪਏ ਡਰੱਗ ਮਨੀ, 530 ਨਸੀਲੇ ਕੈਪਸੂਲ, 430 ਨਸ਼ੀਲੀਆਂ ਗੋਲੀਆਂ ਅਤੇ 54 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਕੋਲੋਂ ਸਖਤੀ ਨਾਲ ਪੁੱਛਗਿੱਛ ਕਰਨ 'ਤੇ ਇਸ ਦੇ ਤਿੰਨ ਹੋਰ ਸਾਥੀ ਜੋ ਮਿਲ ਕੇ ਨਸ਼ੇ ਦਾ ਕਾਲਾ ਕਾਰੋਬਾਰ ਕਰਦੇ ਸਨ, ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਉਹਨਾਂ ਕਿਹਾ ਕਿ ਫੜੇ ਗਏ ਨਸ਼ਾ ਤਸਕਰਾਂ ਦੀ ਪਹਿਚਾਣ ਕਵਲਜੀਤ ਸਿੰਘ ਪੁੱਤਰ ਪੁਰਦੁਮਨ ਸਿੰਘ ਵਾਸੀ ਪਿੰਡ ਪੱਡਾ, ਰਮਨਦੀਪ ਸਿੰਘ ਪੁੱਤਰ ਰਣਧੀਰ ਸਿੰਘ, ਰਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਸ਼ਾਹਪੁਰ ਜਾਜਨ, ਅਸ਼ੀਸ਼ ਪੁੱਤਰ ਪਰਮਜੀਤ ਮਸੀਹ ਵਾਸੀ ਕੁੱਲੀਆਂ ਬਸਤੀ ਡੇਰਾ ਬਾਬਾ ਨਾਨਕ ਵਜੋਂ ਹੋਈ ਹੈ।ਉਹਨਾਂ ਦੱਸਿਆ ਕਿ ਇਹਨਾਂ ਨਸ਼ਾ ਤਸਕਰਾਂ ਖਿਲਾਫ ਨਸ਼ਾ ਐਕਟ ਅਧੀਨ ਵੱਖ-ਵੱਖ ਧਾਰਾਵਾਂ ਤਹਿਤ ਪੁਲਸ ਥਾਣਾ ਡੇਰਾ ਬਾਬਾ ਨਾਨਕ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਡੀ ਐਸ ਪੀ ਜੋਗਾ ਸਿੰਘ ਨੇ ਦੱਸਿਆ ਕਿ ਫੜੇ ਗਏ ਦੋਸ਼ੀਆਂ ਤੋਂ ਰਿਮਾਂਡ ਹਾਸਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇਗੀ ਅਤੇ ਜੋ ਇਹਨਾਂ ਨੇ ਨਸ਼ੇ ਦੇ ਕਾਲੇ ਕਾਰੋਬਾਰ ਤੋਂ ਕੋਈ ਵੀ ਜਾਇਦਾਦ ਬਣਾਈ ਹੋਵੇਗੀ ,ਉਸ ਨੂੰ ਇਸ ਮੁਕੱਦਮੇ ਨਾਲ ਅਟੈਚ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼ੰਭੂ ਤੇ ਖਨੌਰੀ ਬਾਰਡਰਾਂ ਤੋਂ ਹੱਕਾਂ ਲਈ ਲੜਾਈ ਲੜਦੇ ਕਿਸਾਨਾਂ ਨੂੰ ਖਦੇੜਨ ਦੀ ਨਿਖੇਧੀ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਬੀਤੇ ਦਿਨ ਪੰਜਾਬ ਕਿਸਾਨ ਯੂਨੀਅਨ ਜ਼ਿਲ੍ਹਾ ਕਮੇਟੀ ਅੰਮ੍ਰਿਤਸਰ ਦੀ ਮੀਟਿੰਗ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਬਲਬੀਰ ਸਿੰਘ ਮੂਧਲ ਦੀ ਪ੍ਰਧਾਨਗੀ ਹੇਠ ਪੰਜਾਬ ਕਿਸਾਨ ਯੂਨੀਅਨ ਦੇ ਦਫਤਰ ਲੁਹਾਰਕਾ ਰੋਡ ਅੰਮ੍ਰਿਤਸਰ ਵਿਖੇ ਹੋਈ। ਮੀਟਿੰਗ ਸਮੇਂ ਲਏ ਗਏ ਫੈਸਲੇ ਅਨੁਸਾਰ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਚਾਰ ਸਕੱਤਰ ਨਰਿੰਦਰ ਲਾਡੀ ਤੇੜਾ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰਾਂ ਉੱਪਰ ਕਿਸਾਨਾਂ ਉੱਤੇ ਲਾਠੀਚਾਰਜ, ਤਸ਼ੱਦਦ ਕਰਨ ਅਤੇ ਕਿਸਾਨ ਆਗੂਆਂ 'ਤੇ ਨਜਾਇਜ਼ ਪਰਚੇ ਦਰਜ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਗ੍ਰਿਫਤਾਰ ਕਿਸਾਨਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾ ਕੀਤਾ ਜਾਵੇ, ਕਿਸਾਨਾਂ 'ਤੇ ਝੂਠੇ ਪਰਚੇ ਰੱਦ ਕੀਤੇ ਜਾਣ ਤੇ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਵਾਪਸ ਕੀਤੇ ਜਾਣ। ਪੰਜਾਬ ਕਿਸਾਨ ਯੂਨੀਅਨ ਵੱਲੋਂ ਇਸ ਘਟਨਾ ਦੇ ਰੋਸ ਵਜੋਂ ਪਿੰਡ ਪੱਧਰ ਦੀਆਂ ਇਕਾਈਆਂ ਵੱਲੋਂ ਪੰਜਾਬ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਸੰਯੁਕਤ ਕਿਸਾਨ ਮੋਰਚੇ ਵੱਲੋਂ 28 ਮਾਰਚ ਨੂੰ ਜ਼ਿਲ੍ਹਾ ਹੈਡਕੁਆਰਟਰਾਂ ਉੱਤੇ ਦਿੱਤੇ ਜਾ ਰਹੇ ਧਰਨੇ ਵਿੱਚ ਪੰਜਾਬ ਕਿਸਾਨ ਯੂਨੀਅਨ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰੇਗੀ। ਮੀਟਿੰਗ ਵਿੱਚ ਕੁਲਵਿੰਦਰ ਸਿੰਘ ਹੇਰ, ਮਨਜੀਤ ਸਿੰਘ ਗਹਿਰੀ, ਬਲਬੀਰ ਸਿੰਘ ਮੂਧਲ, ਨਿਰਮਲ ਸਿੰਘ ਛਜਲਵੱਡੀ, ਸ਼ਮਸ਼ੇਰ ਸਿੰਘ ਹੇਰ, ਰਵਿੰਦਰ ਸਿੰਘ ਛੀਨਾ, ਕੁਲਵਿੰਦਰ ਸਿੰਘ ਅਜਨਾਲਾ, ਬਲਜੀਤ ਸਿੰਘ ਅਜਨਾਲਾ, ਚਰਨਜੀਤ ਸਿੰਘ ਅਜਨਾਲਾ, ਭੁਪਿੰਦਰ ਸਿੰਘ ਮੀਰਾਕੋਟ, ਹਰਦੀਪ ਸਿੰਘ ਮਾਨ, ਰਸ਼ਪਾਲ ਸਿੰਘ ਬੱਲ, ਨਰੇਸ਼ ਕੁਮਾਰ ਸਹਿਣੇ ਵਾਲੀ, ਸਾਹਿਬ ਸਿੰਘ ਅਜਨਾਲਾ, ਗੁਰਮਨ ਦੀਪ ਸਿੰਘ ਅਜਨਾਲਾ ਅਤੇ ਕੁਲਦੀਪ ਸਿੰਘ ਤੇੜਾ ਆਦਿ ਆਗੂ ਹਾਜ਼ਰ ਸਨ।

ਬਾਬਾ ਬੂੜ ਸਿੰਘ ਦੀ ਬਰਸੀ ਮੌਕੇ ਸਮਾਗਮ ਸੰਬੰਧੀ ਤਿਆਰੀ ਮੀਟਿੰਗ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਪਿੰਡ ਜਗਦੇਵ ਕਲਾਂ ਵਿਖੇ ਬ੍ਰਹਮ ਗਿਆਨੀ ਸੰਤ ਬਾਬਾ ਬੂੜ ਸਿੰਘ ਜੀ (ਸੜਕਾਂ ਵਾਲੇ) ਦੀ 44ਵੀਂ ਬਰਸੀ ਨੂੰ ਸਮਰਪਤ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਸਬੰਧੀ ਪ੍ਰਬੰਧਕਾਂ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਇੰਦਰਜੀਤ ਸਿੰਘ ਬੰਬ ਨੇ ਦੱਸਿਆ ਕਿ 29 ਮਾਰਚ ਨੂੰ ਸਮੂਹ ਨਗਰ ਦੇ ਸਹਿਯੋਗ ਨਾਲ ਜਗਦੇਵ ਕਲਾਂ ਵਿਖੇ ਇਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ।

ਉਨਾਂ ਅੱਗੇ ਦੱਸਿਆ ਕਿ 29 ਮਾਰਚ ਨੂੰ ਸਵੇਰੇ 10 ਵਜੇ ਵੀਹ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਖੁੱਲ੍ਹੇ ਪੰਡਾਲਾਂ ਵਿੱਚ ਧਾਰਮਿਕ ਦੀਵਾਨ ਸਜਾਏ ਜਾਣਗੇ। ਇਸ ਮੌਕੇ ਭਾਈ ਸਿੰਘ ਹਜ਼ੂਰੀ ਰਾਗੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਪ੍ਰਸਿੱਧ ਪ੍ਰਚਾਰਕ ਭਾਈ ਗੁਰ ਰਾਜ ਸਿੰਘ, ਬਾਬਾ ਹਰਭਜਨ ਸਿੰਘ ਕੁੱਲੀ ਵਾਲੇ, ਬਾਬਾ ਬਲਵਿੰਦਰ ਸਿੰਘ ਝੰਡੇਰਾਂ ਵਾਲੇ, ਬਾਬਾ ਬਲਜੀਤ ਸਿੰਘ ਕੰਦੋਵਾਲੀ, ਬਾਬਾ ਕੁਲਵਿੰਦਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਨਾਨਕ ਨਾਮ ਜਹਾਜ਼ ਦਬੁਰਜੀ ਆਦਿ ਵੱਲੋਂ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕੀਤਾ ਜਾਵੇਗਾ। ਸਮਾਗਮ ਸਮੇਂ ਬਾਬਾ ਸੁੱਚਾ ਸਿੰਘ ਕਾਰ ਸੇਵਾ ਸ੍ਰੀ ਅਨੰਦਪੁਰ ਸਾਹਿਬ, ਬਾਬਾ ਸਰਦਾਰਾ ਸਿੰਘ ਕਾਰ ਸੇਵਾ ਗੁਰੂ ਕਾ ਬਾਗ, ਬਾਬਾ ਚਰਨ ਸਿੰਘ ਕਾਰ ਸੇਵਾ ਗੁਰੂ ਕਾ ਬਾਗ, ਬਾਬਾ ਸਤਨਾਮ ਸਿੰਘ ਕਾਰ ਸੇਵਾ ਵਾਲੇ ਅਤੇ ਬਾਬਾ ਪ੍ਰਭਜੀਤ ਸਿੰਘ ਕੰਦੋਵਾਲੀ ਕਾਰ ਸੇਵਾ ਵਾਲੇ ਆਦਿ ਧਾਰਮਿਕ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੀਆਂ। ਮੀਟਿੰਗ ਸਮੇਂ ਬਾਬਾ ਕੁਲਦੀਪ ਸਿੰਘ ਗ੍ਰੰਥੀ ਸਿੰਘ, ਬਾਬਾ ਹੀਰਾ ਸਿੰਘ, ਬਾਬਾ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਹਰਵਿੰਦਰ ਸਿੰਘ, ਧਰਮਿੰਦਰ ਸਿੰਘ ਅਤੇ ਦਵਿੰਦਰ ਸਿੰਘ ਆਦਿ ਹਾਜ਼ਰ ਸਨ।

ਦਮਦਮੀ ਟਕਸਾਲ ਵਿਖੇ 28 ਦੇ ਰੋਸ ਧਰਨੇ ਸੰਬੰਧੀ ਮੀਟਿੰਗ ਅੱਜ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਤਖ਼ਤਾਂ ਦੇ ਫਾਰਗ ਕੀਤੇ ਗਏ ਜਥੇਦਾਰਾਂ ਦੀ ਬਹਾਲੀ ਲਈ ਅਤੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਰੱਦ ਕਰਵਾਉਣ ਲਈ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਵਿੱਚ 28 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਸ. ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਦਿੱਤੇ ਜਾਣ ਵਾਲੇ ਰੋਸ ਧਰਨੇ ਸਬੰਧੀ ਮਾਝੇ ਇਲਾਕੇ ਦੀਆਂ ਧਾਰਮਿਕ ਸ਼ਖਸੀਅਤਾਂ ਤੇ ਜ਼ਿੰਮੇਵਾਰ ਸਿੰਘਾਂ ਦੀ ਇਕ ਅਹਿਮ ਮੀਟਿੰਗ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਪ੍ਰਧਾਨਗੀ ਵਿਚ 24 ਮਾਰਚ ਨੂੰ ਸਵੇਰੇ 11 ਵਜੇ ਦਮਦਮੀ ਟਕਸਾਲ ਦੇ ਹੈਡਕੁਆਰਟਰ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਹੋਵੇਗੀ। ਜਿਸ ਦੌਰਾਨ ਇਸ ਰੋਸ ਧਰਨੇ ਨੂੰ ਚੜ੍ਹਦੀ ਕਲਾ ਅਤੇ ਸ਼ਾਂਤੀਪੂਰਵਕ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ।

ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਆਖਿਆ ਕਿ ਆਪਹੁਦਰੇ ਤਰੀਕੇ ਨਾਲ ਤਖਤਾਂ ਦੇ ਜਥੇਦਾਰਾਂ ਨੂੰ ਹਟਾਏ ਜਾਣ ਅਤੇ ਨਵੇਂ ਲਗਾਏ ਜਾਣ ਕਰਕੇ ਸਿੱਖ ਪੰਥ ਵਿੱਚ ਵੱਡਾ ਰੋਸ ਹੈ। ਇਸ ਲਈ ਤਖਤਾਂ ਦੀ ਮਾਣ ਮਰਿਆਦਾ ਨੂੰ ਬਹਾਲ ਕਰਵਾਉਣ ਲਈ ਹਰ ਸਿੱਖ ਨੂੰ ਅੱਗੇ ਆਉਣਾ ਚਾਹੀਦਾ ਹੈ। ਅੱਜ ਸਾਡਾ ਸਭ ਦਾ ਫਰਜ ਬਣਦਾ ਹੈ ਕਿ ਅਸੀਂ ਆਪਣੇ ਤਖਤਾਂ ਦੇ ਜਥੇਦਾਰਾਂ ਦਾ ਅਪਮਾਨ ਹੋਣ ਤੋਂ ਬਚਾਈਏ ਅਤੇ 28 ਮਾਰਚ ਦੇ ਰੋਸ ਧਰਨੇ ਵਿੱਚ ਹੁੰਮਹੁਮਾ ਕੇ ਸ਼ਾਮਲ ਹੋਈਏ।

ਗੰਨੇ ਦੇ ਰਸ ਦਾ ਲਗਾਇਆ ਲੰਗਰ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪਿੰਡ ਚੰਨਣਕੇ ਦੀਆਂ ਸਮੂਹ ਸੰਗਤਾਂ ਵੱਲੋਂ ਤਰਨ ਤਾਰਨ ਰੋਡ ਨੇੜੇ ਚਾਟੀਵਿੰਡ ਚੌਕ ਡੇਰਾ ਬਾਬਾ ਬਿਧੀ ਚੰਦ ਜੀ ਧੰਨ ਧੰਨ ਅਮਰ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਦੇ ਪਵਿੱਤਰ ਪਾਵਨ ਅਸਥਾਨ ਵਿਖੇ ਐਤਵਾਰ ਨੂੰ ਚੌਪਹਿਰਾ ਦਾ ਜਾਪੁ ਕਰਨ ਵਾਲੀਆਂ ਸੰਗਤਾਂ ਲਈ ਪ੍ਰਧਾਨ ਲਖਵਿੰਦਰ ਸਿੰਘ ਅਤੇ ਬਾਬਾ ਸੁਖਵੰਤ ਸਿੰਘ ਚੰਨਣਕੇ ਦੀ ਅਗਵਾਈ ਹੇਠ ਗੰਨੇ ਦੇ ਰਸ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਬਾਬਾ ਸੁਖਵੰਤ ਸਿੰਘ ਚੰਨਣਕੇ, ਸੂਬੇਦਾਰ ਕਰਤਾਰ ਸਿੰਘ, ਗੁਰਪ੍ਰੀਤ ਸਿੰਘ ਪ੍ਰਧਾਨ, ਰਾਜਵਿੰਦਰ ਸਿੰਘ, ਜਰਨੈਲ ਸਿੰਘ, ਮਲਕੀਅਤ ਸਿੰਘ, ਗੁਰਪਿੰਦਰ ਸਿੰਘ ਮੈਂਬਰ, ਜਸਕਰਨ ਸਿੰਘ, ਸ਼ਮਸ਼ੇਰ ਸਿੰਘ, ਸ਼ਹਿਬਾਜ ਸਿੰਘ, ਬਿਕਰਮਜੀਤ ਸਿੰਘ, ਰਾਜਨਪ੍ਰੀਤ ਸਿੰਘ, ਸਰਤਾਜ ਸਿੰਘ, ਹਰਮਨਦੀਪ ਸਿੰਘ, ਜੰਟਾ ਸਿੰਘ, ਲਵਪ੍ਰੀਤ ਸਿੰਘ, ਗੁਰਨੂਰ ਸਿੰਘ, ਅਭੀਜੋਤ ਸਿੰਘ ਬਾਠ, ਮੋਹ ਪ੍ਰੀਤ ਸਿੰਘ, ਆਦਿ ਸੇਵਾਦਾਰ ਹਾਜ਼ਰ ਸਨ।

ਕਿਸਾਨ ਜਥੇਬੰਦੀ ਕੋਟ ਬੁੱਢਾ ਨੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਪੱਟੀ (ਬਲਦੇਵ ਸਿੰਘ ਸੰਧੂ)- ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਪੰਜਾਬ ਵੱਲੋਂ ਪਿੰਡ ਸਭਰਾ ਵਿਖੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ।ਜਥੇਬੰਦੀ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਵਲੋਂ ਸ਼ਹਰਧਾ ਦੇ ਫੁੱਲ ਭੇਟ ਕੀਤੇ ਜਿਸ ਤੋਂ ਬਾਅਦ ਸਰਕਾਰ ਵਲੋਂ ਕੀਤੇ ਤਸ਼ੱਦਦ ਦੇ ਵਿਰੋਧ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਤੇ ਨਾਅਰੇਬਾਜ਼ੀ ਕੀਤੀ ।

ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਹਰ ਪਿੰਡ ਕਸਬੇ ਤੇ ਜ਼ਿਲ੍ਹੇ ਦੇ ਆਗੂਆਂ ਨੇ ਹਿੱਸਾ ਲਿਆ ਅਤੇ ਆਗੂਆਂ ਵੱਲੋਂ ਸ਼ਹੀਦ ਭਗਤ ਸਿੰਘ ਦੀ ਫੋਟੋ 'ਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਉਪਰੰਤ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ, ਸੂਬਾ ਵਿਤ ਸਕੱਤਰ ਸਾਹਿਬ ਸਿੰਘ ਸਭਰਾ, ਜ਼ਿਲ੍ਹਾ ਪ੍ਰਧਾਨ ਪ੍ਰਗਟ ਸ

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਨਵਾਂ ਸ਼ਹਿਰ ਵਿਸ਼ੇਸ਼ ਸਪਲੀਮੈਂਟ

NEW RAMSONS SWEETS
SHAHEEDI DIWAS 23rd March
Forever Remembered, Forever Respected.
+91 79008-00051 CHANDIGARH CHOWK, NAWANSHAHR
+91 88834-00051 HOSHIARPUR ROAD, GARHSHANKAR

ਰਾਓ ਮੋਹਨ ਮੈਮੋਰੀਅਲ ਹਸਪਤਾਲ
RAO MOHAN MEMORIAL HOSPITAL
ਡਾ. ਹਰਪ੍ਰੀਤ ਕੌਰ (ਐਮ.ਡੀ.)
ਜਨਰਲ ਰੋਗਾਂ ਦੇ ਮਾਹਿਰ ਡਾਕਟਰ ਐਮ. ਡੀ. (ਮੈਡੀਸਿਨ)
ਸਵੇਰਾ 7:00 ਵਜੇ ਤੋਂ 8:30, ਸ਼ਾਮ 4:00 ਵਜੇ ਤੋਂ 7:00 ਵਜੇ ਤੱਕ
ਦਿਲ, ਸਾਹ, ਸੁਗਰ, ਕਾਲਾ ਪੀਲੀਆ, ਅਪਰੇਸ਼ਨ ਆਦਿ ਦਾ ਇਲਾਜ।
ਚਮੜੀ ਦੇ ਰੋਗਾਂ ਦੇ ਮਾਹਿਰ ਡਾਕਟਰ ਐਮ. ਡੀ. (ਸਕਿਨ)
ਹਰ ਬੁੱਧਵਾਰ ਸ਼ਾਮ 3:00 ਤੋਂ 5:00 ਵਜੇ ਤੱਕ
ਮਾਨਸਿਕ ਤੇ ਦਿਮਾਗੀ ਰੋਗਾਂ ਦੇ ਮਾਹਿਰ ਡਾਕਟਰ ਐਮ. ਡੀ. (ਸਾਈਕੇਟ੍ਰਿਕ)
ਹਰ ਸ਼ਨੀਵਾਰ ਸ਼ਾਮ 3:00 ਤੋਂ 5:00 ਵਜੇ ਤੱਕ
24 ਘੰਟੇ ਐਮਰਜੈਂਸੀ
ਈਸੀਜੀ, ਇੰਡੋਰ ਅਤੇ ਜਨਤਾਘਰ ਦੇ ਨਾਲ ਖੂਬਾਰ ਰੋਗਾਂ ਦਾ ਇਲਾਜ ਆਯੁਸ਼ਮਾਨ ਦੀ ਨਵੀਂ ਤਕਨੀਕ ਰਾਹਾ ਸ਼ੁਰੂ ਤੇ ਪਾਈ ਕਾਫ਼ਰ ਨੁਸਖਾ ਕੀਤਾ ਜਾਂਦਾ ਹੈ।
ਈ.ਸੀ.ਜੀ.
ਈ.ਟੀ.ਜੀ.
ਈ.ਐਮ.ਟੀ.
ਐਕਸ-ਰੇ
ਆਯੁਸ਼ਮਾਨ
ਨੈਬੁਲਾਈਜ਼ਰ
ਸਪਾਈਰੋਮੇਟਰੀ
ਡੀਫਿਬ੍ਰਿਲੇਟਰ
ਵਾਕਈਜ਼ ਮੇਸ਼ੀਨ
ਕਲੀਨਿਕਲ ਲੈਬੋਰੇਟਰੀ
DMLT, B.Sc. MLT, M.Sc. Microbiology
ਇੱਥੇ ਆਧੁਨਿਕ ਮਸ਼ੀਨਾਂ ਨਾਲ ਹਰ ਤਰ੍ਹਾਂ ਦੇ ਖੂਨ ਦੇ ਛੋਟੇ-ਵੱਡੇ ਟੈਸਟ ਤਸੱਲੀਬਖਸ਼ ਕੀਤੇ ਜਾਂਦੇ ਹਨ। ਹੁਣ HBA1C, Vit. D3, B12, Electrolyte ਸਿਰੋ ਸਪੈਸ਼ਲ ਟੈਸਟਾਂ ਦੀ ਉਸੇ ਦਿਨ ਰਿਪੋਰਟ ਲਈ ਜੀ।
ਦੁੱਲ ਬੋਡੀ ਟੈਸਟ ਅਤੇ ਦੁੱਲ ਐਲਰਜੀ ਪੈਨਲ ਟੈਸਟਾਂ ਦੇ ਪੈਕੇਜ ਲੈਣ ਲਈ ਸੰਪਰਕ ਕਰੋ।
ਦਾਣਾ ਮੰਡੀ, ਡਾਕਘਰ ਦੇ ਪਿੱਛੇ, ਨੇੜੇ ਬੱਸ ਸਟੈਂਡ, ਗੜ੍ਹਸ਼ੰਕਰ
HELPLINE : 99884-13341, 70002-97127, 79863-11877, 98771-64185

SHREVANS Shrevans Group
INDUSTRIES LIMITED
Unit : Shree Rishabh Papers
BANAH-144522, S.B.S. Nagar (Pb.)
Ph. : 01881-229425, Fax: 01881-273645

Prop: Gurjinder Singh (Pappa)
98152-17838
87289-32222
G.S. BUILDING Contractor Co.
Specialist in: Kothi, College, Market, Gurudwara Halls etc.
Deals in: All Types of Residential, Commercial Works With Material & Labour Rates etc.
All Kinds of Building Material Available Also Here.
V.P.O. DAULATPUR, TEH. NAWANSHAHR, DISTT. S.B.S. NAGAR

ਧੰਨਵਾਦ
ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂਤੋਂ ਧੰਨਵਾਦ, ਜਿਨ੍ਹਾਂ ਨੇ ਮੈਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਇਹ ਸਪਲੀਮੈਂਟ ਕੱਢਣ ਵਿੱਚ ਭਰਪੂਰ ਸਹਿਯੋਗ ਦਿੱਤਾ।
ਕੁਲਵਿੰਦਰ ਸਿੰਘ ਦੁਰਗਾਪੁਰੀਆ
ਮੋ. 94176-29359
Email :- Kulwindersingh22@gmail.com

ਲੰਬੇ ਘਣੇ ਕਾਲੇ ਵਾਲ
ਐਨ. ਵੀ. ਗਰੋਅ-ਅਪ ਪਲੱਸ
ਹੇਯਰ ਆਇਲ
ਤੇਲ ਦੇ ਨਾਲ
ਤੇਲ ਦੇ ਕਰਾਮਾਤੀ ਗੁਣ
10 ਸਾਲ ਦੀ ਕੇਅਰ
NO SIDE EFFECTS
Purely an Ayurvedic Formulation
For details, contact at:
EN-VEE PHARMACEUTICALS
098153-55391
081464-55391

ਸ਼ੂਰੀ ਮਲਟੀਸਪੈਸ਼ਲਿਟੀ ਹਸਪਤਾਲ ਬਲਾਚੌਰ
ਜਨਰਲ ਸਰਜਰੀ ਅਤੇ ਮੈਟਰਨਿਟੀ ਹੋਮ
ਭੱਦੀ ਰੋਡ, ਬਲਾਚੌਰ
ਅੱਖਾਂ ਦਾ ਵਿਭਾਗ Dr. Piyush Sood, Dr. Ranjit Singh
ਮੈਡੀਸਨ ਵਿਭਾਗ Dr. Jasdeep Singh Bedi
ਜਨਰਲ ਸਰਜਰੀ ਵਿਭਾਗ Dr. Pritpal Singh
ਦਿਲ ਦੀਆਂ ਬਿਮਾਰੀਆਂ ਦਾ ਵਿਭਾਗ Dr. Raghav Vishesh
ਕੰਨਾਂ ਦਾ ਵਿਭਾਗ ਅਤੇ ਟਰੋਮਾ ਸੈਂਟਰ Dr. Harsh
ਜੁਰੇਲੋਜੀ ਵਿਭਾਗ Dr. MS Gupta
ਔਰਤਾਂ ਦਾ ਵਿਭਾਗ Dr. Amandeep Kaur Soori
5 ਲੱਖ ਵਾਲੇ ਆਯੁਸ਼ਮਾਨ ਕਾਰਡ ਦੀ ਸੁਵਿਧਾ ਦੀ ਉਪਲੱਬਧ ਹੈ।
ICU, X-RAY, CLINICAL LAB, AMBULANCE
24 ਘੰਟੇ ਐਮਰਜੈਂਸੀ
ਮੈਡੀਸਕੋਪ ਸਕੈਨ ਸੈਂਟਰ
MEDISCOPE SCAN CENTRE
Dr. Bhupinderjit Singh Soori
MBBS, MD Radiodiagnosis
ULTRASOUND & CT SCAN
HELP LINE: 98159-20070, 98031-84007

Dr. Ranjeet Kaur
M.B.B.S. M.D., Gynae
PMC Regd. No. 30182
T. 01885-220700
M. 98788-17166
NAVNOOR HOSPITAL
MATERNITY HOME & TRAUMA CENTRE
Opp. Mount Carmel School, Garhshankar Road, Balachaur

ਜੇ.ਐਸ.ਐਚ.ਐਚ. ਖਾਲਸਾ ਸੀਨੀ. ਸੈਕੰਡਰੀ ਸਕੂਲ
ਦਾਖਲਾ ਸ਼ੁਰੂ
ਇੰਦਰਜੀਤ ਸਿੰਘ ਪ੍ਰਿੰਸੀਪਲ
ਗੀਟਾ ਚੌਹਾਨ ਪ੍ਰਿੰਸੀਪਲ
ਚੰਡੀਗੜ੍ਹ ਰੋਡ, ਨਵਾਂਸ਼ਹਿਰ, ਜ਼ਿਲ੍ਹਾ ਸ਼.ਭ.ਸ. ਨਗਰ
ਫੋਨ : 01823-222087

ਸ: ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਵਸ ਤੇ ਸ਼ਰਧਾ ਦੇ ਫੁੱਲ ਭੇਂਟ
ਜਰਨੈਲ ਸਿੰਘ ਪ੍ਰਧਾਨ
ਆਸ਼ਾ ਰਾਣੀ ਕਲਰਕ
ਬਲਵਿੰਦਰ ਕੁਮਾਰ ਸੇਵਾਦਾਰ
ਮਦਨ ਪਾਲ ਸਕੱਤਰ
ਦੀ ਲੰਗੜੋਆ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟਿਡ
ਲੰਗੜੋਆ, ਤਹਿ. ਨਵਾਂਸ਼ਹਿਰ (ਸ਼.ਭ.ਸ. ਨਗਰ), ਮੋਬ. 98551-46350

ਸ: ਦਵਿੰਦਰ ਸਿੰਘ ਰਿਟ. ਇੰਸ.
ਬਲਵੀਰ ਸਿੰਘ ਪ੍ਰਧਾਨ
ਵਿਕਰਮ ਸਿੰਘ ਖਲਵਾੜਾ ਸਕੱਤਰ

ਜੈ ਪਿਤਰਾਂ ਦੀ ਜੈ ਸਤੀ ਮਾ
ਸਿੱਧੂ ਜਠੇਰੇ ਪਿੰਡ ਭੀਣ
ਹਰ ਸਾਲ ਮਨਾਏ ਜਾਣ ਵਾਲੇ ਪ੍ਰੋਗਰਾਮ
1. ਵਿਸਾਖੀ 13-4-2025
2. ਸਲਾਨਾ ਮੇਲਾ 25-5-2025
ਸਤਨਾਮ ਕਮਲ ਸਿੱਧੂ ਮੋਬ. 75085-17367
ਰਣਜੀਤ ਸਿੱਧੂ ਮੋਬ. 98551-72660

ਬਿਕਰਮਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਜੀ ਟੀ ਯੂ ਪੰਜਾਬ ਜ਼ਿਲ੍ਹਾ ਸਭਸ ਨਗਰ
ਗੁਰਦੀਸ਼ ਸਿੰਘ ਜ਼ਿਲ੍ਹਾ ਜਨ. ਸਕੱਤਰ ਜੀ ਟੀ ਯੂ ਪੰਜਾਬ ਸਭਸ ਨਗਰ

ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਭਾਰਤੀ ਜਨਤਾ ਪਾਰਟੀ ਸ਼ਹੀਦ ਭਗਤ ਸਿੰਘ ਨਗਰ
ਐਡਵੋਕੇਟ ਵਿਸ਼ਾਲ ਸ਼ਰਮਾਂ
ਐਡਵੋਕੇਟ ਰਾਜਪਾਲ ਚੌਹਾਨ

ਸਵ. ਸ: ਰੇਸ਼ਮ ਸਿੰਘ ਬਿਆੜਾ
ਰਮਨ ਕੁਮਾਰ ਬਿਆੜਾ ਮੋਬ. 98154-59305
ਸ: ਪਰਮ ਸਿੰਘ ਖਾਲਸਾ ਐਮ.ਸੀ.
ਸ਼੍ਰੋਮਣੀ ਅਕਾਲੀ ਦੱਲ ਨਵਾਂਸ਼ਹਿਰ

ਸੰਦੀਪ ਭਾਟੀਆ ਸੋਨੂੰ 94652-40078
ਸੰਜੂ ਚੌਧਰੀ
ਅਸੋਕ ਬਾਠ ਰਿਟ. SSP
ਸੁਭਾਸ਼ ਬਾਠ ਰਿਟ. SHO

ਡਾ. ਸਤਵਿੰਦਰ ਪਾਲ
ਡਾ. ਨਿਰਮਲ ਕੁਮਾਰ
ਤਰਨਜੀਤ ਸਿੰਘ ਬਾਂਦੀ ਉਪ-ਪ੍ਰਧਾਨ
ਮਾਸਟਰ ਸੰਤੋਖ ਸਿੰਘ ਜੈ.ਐਸ. ਟੇਲਰ, ਨਵਾਂਸ਼ਹਿਰ
ਸੰਦੀਪ ਸਿੰਘ ਕਲੇਰ ਨਵਾਂਸ਼ਹਿਰ
ਹੈਰੀ ਫੋਟੋ ਸਟੇਟ ਮੋਬ. 99148-39641
ਸਤੀਸ਼ ਕੁਮਾਰ ਪ੍ਰਧਾਨ ਅੰਬੇਡਕਰ ਸੇਨਾ

ਕਾਮਰੇਡ ਕੁਲਦੀਪ ਸਿੰਘ ਸੁੱਜੋਂ
ਕਾਮਰੇਡ ਸਤਨਾਮ ਸਿੰਘ ਸੁੱਜੋਂ
ਕਾਮਰੇਡ ਸਤਨਾਮ ਸਿੰਘ ਗੁਲਾਟੀ

ਬਲਜੀਤ ਸਿੰਘ ਧਰਮਕੋਟ ਵਿੱਤ ਸਕੱਤਰ PSU PB.
ਪ੍ਰਿੰਸੀਪਲ ਨੀਲਮ ਮੂਮ
ਮੋਨਿਕਾ ਸ਼ਰਮਾ ਸ.ਮਿ. ਸਕੂਲ ਕਰੀਮਪੁਰ
ਹਰਜਸਵਿੰਦਰ ਪਾਲ ਸੋਡੀ ਦੌਲਤਪੁਰ
ਐਡਵੋਕੇਟ ਬਲਦੇਵ ਰਾਜ ਮੋਬ. 98888-67629

ਰੇਸ਼ਮ ਮਹਿਮੀ ਡੈਂਟਿਸ ਬਲਾਚੌਰ ਮੋਬ. 99159-06575
ਜਸਪਾਲ ਸਿੰਘ ਗਿੱਧਾ ਮੋਬ 98888-22015
ਕੁਲਵਿੰਦਰ ਸਿੰਘ ਬੜੈਂਚ ਸੂਬਾ ਪ੍ਰਧਾਨ NIFTU
ਹਰੇ ਰਾਮ ਪ੍ਰਧਾਨ ਰੇੜੀ ਯੂਨੀਅਨ
ਪੁਨੀਤ ਕਲੇਰ ਪ੍ਰਧਾਨ ਆਟੋ ਯੂਨੀਅਨ
ਅਮਨਦੀਪ ਕੌਰ
ਜਸਵੀਰ ਦੀਪ ਸੂਬਾ ਪ੍ਰੈਸ ਸਕੱਤਰ NIFTU
ਨਿੱਕੂ ਰਾਮ ਜਨਾਗਲ ਪ੍ਰਧਾਨ
ਬਿੱਲਾ ਉੱਪ ਪ੍ਰਧਾਨ ਆਟੋ ਯੂਨੀਅਨ

ਸ਼ਹੀਦ-ਏ- ਆਜ਼ਮ ਸ.ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਗਿੱਦੜਬਾਹਾ ਵਿਸ਼ੇਸ਼ ਸਪਲੀਮੈਂਟ

BABA FARID PUBLIC SEN. SEC. SCHOOL
Chhattiana (Sri Muktsar Sahib)
ADMISSION OPEN NURSERY to +2
SCHOOL FACILITIES
• Online Fees System
• Gate Pass Security
• Home Work SMS
• Van Facility
• Special Play Way
• Online Students Attendance
ENGLISH MEDIUM
MEDICAL NON-MEDICAL ARTS COMMERCE
Contact No. M. 94652-00825, 94653-00825, 94654-00825, 94655-00825, 94656-00825, 94657-00825

aap
ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ
ਹਰਦੀਪ ਸਿੰਘ ਡਿੰਪੀ ਢਿੱਲੋਂ ਐਮ.ਐਲ.ਏ. ਹਲਕਾ ਗਿੱਦੜਬਾਹਾ
ਸੰਨੀ ਢਿੱਲੋਂ ਗਿੱਦੜਬਾਹਾ
ਅਭੈ ਢਿੱਲੋਂ ਗਿੱਦੜਬਾਹਾ
ਪੈਵੀ ਢਿੱਲੋਂ ਗਿੱਦੜਬਾਹਾ
ਜਗਤਾਰ ਸਿੰਘ ਗਿੱਦੜਬਾਹਾ
ਵੱਲੋਂ : ਗ੍ਰਾਮ ਪੰਚਾਇਤ ਪਿੰਡ ਲੁਹਾਰਾ (ਸ੍ਰੀ ਮੁਕਤਸਰ ਸਾਹਿਬ)

ਸੱਚਖੰਡ ਪਬਲਿਕ ਸੀਨੀ.ਸੈਕੰ.ਸਕੂਲ
ਭਲਾਈਆਣਾ, ਸ੍ਰੀ ਮੁਕਤਸਰ ਸਾਹਿਬ
SACHKHAND PUBLIC SENIOR SECONDARY SCHOOL
BHALLIANA, SRI MUKTSAR SAHIB
Facilities
★ Experienced Teachers
★ Play-Way Pre-Primary
★ Safe Transport
★ Sports & Activities
★ English Medium, CBSE Pattern
★ Modern Facilities (Computer Lab, Library)
★ Divers Streams (Arts, Medical, Non-Medical)
SCHOOL ADMISSION OPEN
96533-00021,82830-00021, 98554-21121

ਸ਼ਹੀਦ-ਏ- ਆਜ਼ਮ ਸ. ਭਗਤ ਸਿੰਘ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ
ਜਸਵੀਰ ਸਿੰਘ ਜੱਸਾ ਸਾਬਕਾ ਮੈਂਬਰ ਪਿੰਡ ਛੱਤਿਆਣਾ ਆਮ ਆਦਮੀ ਪਾਰਟੀ ਆਗੂ

ਵੱਲੋਂ:- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦਫ਼ਤਰ ਗਿੱਦੜਬਾਹਾ
ਜਸਵੀਰ ਸਿੰਘ ਸੰਧੂ ਪਿੰਡ ਛੱਤਿਆਣਾ

Prop. Jagsir Singh M. 94170-46010
Jagdish Singh M. 94636-41779
ਛੱਤਿਆਣਾ ਖੇਤੀ ਸੈਂਟਰ
ਇੱਥੇ ਹਰ ਤਰ੍ਹਾਂ ਦੀਆਂ ਕੀੜੇਮਾਰ ਦਵਾਈਆਂ, ਖਾਦਾ ਅਤੇ ਬੀਜ ਮਿਲਦੇ ਹਨ
Gur Bazar Gidderbaha

ਸ਼ਹੀਦ-ਏ- ਆਜ਼ਮ ਸ. ਭਗਤ ਸਿੰਘ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ
ਰਜਿੰਦਰ ਸਿੰਘ ਬਰਾੜ (ਰਾਜੂ) ਪਿੰਡ ਛੱਤਿਆਣਾ ਬੀ.ਜੇ.ਪੀ. ਵਰਕਰ

ਸਾਡੇ ਵੱਲੋਂ ਸ਼ਹੀਦ-ਏ- ਆਜ਼ਮ ਸ. ਭਗਤ ਸਿੰਘ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ

ਡਾ. ਸਿਕੰਦਰ ਸਿੰਘ ਪਿੰਡ ਧੂਲਕੋਟ ਉਗੇ ਸਮਾਜ ਸੇਵੀ
Rakesh Setia
98159-45261
M/s. Setia Brothers
Commission Agents
Shop.No. 170, New Grain Market
Gidderbaha-152101 (Pb.)
Sister Concern:
M/s. Shankar Dass Sat Pal
New Grain Market, Gidderbaha Tel. 01637-230762 (R)
ਸੁਖਮੰਦਰ ਸਿੰਘ ਸਾਬਕਾ ਸਰਪੰਚ ਪਿੰਡ ਛੱਤਿਆਣਾ
ਕਾਮਰੇਡ ਬਲਵੀਰ ਸਿੰਘ ਕੋਠੇ ਦਸ਼ਮੇਸ਼ ਨਗਰ
ਘਰ ਦੀ ਰੌਣਕ
ਤਨਵੀਰ ਕੌਰ, ਸੁਭਦੀਪ ਸਿੰਘ ਗਿੱਲ

ਮੈਂ ਉਹਨਾਂ ਸੱਜਣਾ ਮਿੱਤਰਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਸ਼ਹੀਦੇ ਆਜਮ ਸ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਤੇ ਗਿੱਦੜਬਾਹਾ ਵਿਸ਼ੇਸ਼ ਸਪਲੀਮੈਂਟ ਕੱਢਣ ਤੇ ਮੇਰਾ ਸਾਥ ਦੇ ਕੇ ਭਰਵਾਂ ਸਹਿਯੋਗ ਦਿੱਤਾ ਹੈ ਅਤੇ ਅੱਗੇ ਤੋਂ ਮੈਨੂੰ ਪੂਰੀ ਆਸ ਹੈ ਕਿ ਮੇਰਾ ਇਸੇ ਤਰ੍ਹਾਂ ਸਪਲੀਮੈਂਟ ਵਿੱਚ ਜਰੂਰ ਸਹਿਯੋਗ ਦਿੰਦੇ ਰਹਿਣਗੇ।
ਆਦਾਰਾ ਨਵਾਂ ਜਮਾਨਾ ਦੇ ਪੱਤਰਕਾਰ ਜਸਵੰਤ ਸਿੰਘ ਗਿੱਲ ਪਿੰਡ ਛੱਤਿਆਣਾ (ਗਿੱਦੜਬਾਹਾ)
ਮੋ: 98721-96059 94786-55420

ਸਾਡੇ ਵੱਲੋਂ ਸ਼ਹੀਦ-ਏ- ਆਜ਼ਮ ਸ. ਭਗਤ ਸਿੰਘ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ